Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖਬਾਰ (ਨਿਊਜ਼-ਪੇਪਰ)
Rs.10/-
# ਖੇਤੀ ਦੁਨੀਆਂ
All Subject to Patiala Jurisdiction.
www.khetiduniyan.in
Editor : Jagpreet Singh • RNI/PUNPUN00806 • Issue Dated 31-08-2024 • Vol.42 No.35 • Ph. : 0175-2214575, 90410-14575 • Page : 16 E-mail : khetiduniyan1983@gmail.com

## ਪੱਤਾ ਲਪੇਟ ਸੁੰਡੀ ਦੇ ਹਮਲੇ ਤੋਂ ਰਹੋ ਸੁਚੇਤ

**ਝੋਨੇ ਦਾ ਸਾਉਣੀ ਰੁੱਤ ਦੀਆਂ ਫਸਲਾਂ ਵਿਚ ਇਕ ਮਹੱਤਵਪੂਰਨ ਸਥਾਨ ਹੈ । ਸਰਵੇਖਣ 'ਚ ਪੱਤਾ ਲਪੇਟ ਸੁੰਡੀ ਦਾ ਹਮਲਾ ਖੇਤਾਂ ਵਿਚ ਵੇਖਣ ਨੂੰ ਮਿਲ ਰਿਹਾ ਹੈ ਜਿਸ ਤੋਂ ਕਿਸਾਨ ਵੀਰਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ । ਇਸ ਹਾਨੀਕਾਰਕ ਕੀੜੇ ਦੀ ਰੋਕਥਾਮ ਸਮੇਂ ਸਿਰ ਅਤੇ ਸੁਚੱਜੇ ਢੰਗਾਂ ਨਾਲ ਕਰਨੀ ਚਾਹੀਦੀ ਹੈ । ਇਸ ਕੀੜੇ ਦਾ ਹਮਲਾ, ਆਰਥਿਕ ਕਗਾਰ / ਇਕਨੋਮਿਕ ਥਰੈਸ਼ਹੋਲਡ ਲੈਵਲ ਜੋ ਕਿ ਝੋਨੇ ਵਿਚ 10 ਪ੍ਰਤੀਸ਼ਤ ਜਾਂ ਵੱਧ ਨੁਕਸਾਨੇ ਪੱਤੇ ਹੈ, ਤੇ ਹੀ ਰੋਕਣਾ ਚਾਹੀਦਾ ਹੈ । ਹੇਠਾਂ ਪੱਤਾ ਲਪੇਟ ਸੁੰਡੀ ਦੀ ਪਹਿਚਾਣ ਇਸ ਤੋਂ ਹੋਣ ਵਾਲੇ ਨੁਕਸਾਨ ਦੀਆਂ ਨਿਸ਼ਾਨੀਆਂ ਅਤੇ ਰੋਕਥਾਮ ਦੇ ਢੰਗ ਦੱਸੇ ਜਾ ਰਹੇ ਹਨ । ਇਨ੍ਹਾਂ ਤਰੀਕਿਆਂ ਨੂੰ ਅਪਣਾ ਕੇ ਫਸਲ ਨੂੰ ਇਸ ਕੀੜੇ ਦੇ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ ।**



**ਪਹਿਚਾਣ** : ਇਸਦੇ ਪਤੰਗੇ ਦਾ ਰੰਗ ਸੁਨਹਿਰੀ ਜਾਂ ਪੀਲਾ ਭੂਰਾ ਹੁੰਦਾ ਹੈ । ਪਤੰਗੇ ਦੇ ਅਗਲੇ ਖੰਭ ਹਲਕੇ ਪੀਲੇ ਰੰਗ ਦੇ ਹੁੰਦੇ ਹਨ ਜਿਨ੍ਹਾਂ ਉੱਤੇ ਤਿੰਨ ਭੂਰੇ ਰੰਗ ਦੀਆਂ ਧਾਰੀਆਂ ਹੁੰਦੀਆਂ ਹਨ । ਇਸਦੇ ਹਰੇ ਰੰਗ ਦੇ ਕੈਟਰ ਪਿਲਰ ਬਹੁਤ ਚੁਸਤ ਹੁੰਦੇ ਹਨ ।

**ਨੁਕਸਾਨ** : ਛੋਟੀਆਂ ਸੁੰਡੀਆਂ ਪੱਤਿਆਂ ਨੂੰ ਬਿਨ੍ਹਾਂ ਲਪੇਟੇ ਹੀ ਖਾਂਦੀਆਂ ਹਨ ਜਦੋਂ ਕਿ ਵੱਡੀਆਂ ਸੁੰਡੀਆਂ ਪੱਤੇ ਦੇ ਦੋਵੇਂ ਸਿਰੇ ਲੰਬਾਈ ਰੁੱਖੇਂ ਆਪਸ ਵਿੱਚ ਇਕ ਚਿਪਕਣ ਵਾਲੇ ਪਦਾਰਥ ਨਾਲ ਜੋੜ ਕੇ ਪੱਤੇ ਨੂੰ ਲਪੇਟ ਲੈਂਦੀਆਂ ਹਨ ਅਤੇ ਅੰਦਰ ਬੈਠ ਕੇ ਪੱਤੇ ਦਾ ਹਰਾ ਮਾਦਾ ਖੁਰਚ ਕੇ ਖਾਂਦੀਆਂ ਹਨ । ਨੁਕਸਾਨੇ ਪੱਤੇ ਝਿੱਲੀਦਾਰ, ਚਿੱਟੇ ਅਤੇ ਅਖੀਰ ਵਿਚ ਸੁੱਕ ਜਾਦੇ ਹਨ । ਪੱਤਿਆਂ ਉੱਪਰ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ ਅਤੇ ਫਸਲ ਦੂਰ ਤੋਂ ਹੀ ਚਿੱਟੇ ਰੰਗ ਦੀ ਨਜ਼ਰ ਆਉਂਦੀ ਹੈ ।

**ਰੋਕਥਾਮ** :

★ **ਰੋਕਥਾਮ ਦੇ ਆਮ ਢੰਗ** : ਫਸਲ ਦੇ ਨਿਸਰਨ ਤੋਂ ਪਹਿਲਾਂ, ਕੀੜੇ ਦਾ ਹਮਲਾ ਹੋਣ ਤੇ 20-30 ਮੀਟਰ ਲੰਬੀ ਨਾਰੀਅਲ ਜਾਂ ਮੁੰਜ ਦੀ ਰੱਸੀ ਫਸਲ ਦੇ ਉੱਪਰਲੇ ਹਿੱਸੇ ਤੇ 2 ਵਾਰੀ ਫੇਰੋ । ਪਹਿਲੀ ਵਾਰ ਕਿਆਰੇ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤੇ ਜਾਓ ਅਤੇ ਫਿਰ ਉਨ੍ਹੀ ਪੈਰੀ ਰੱਸੀ ਫੇਰਦੇ ਹੋਏ ਵਾਪਸ ਮੁੜੋ । ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਰੱਸੀ ਫੇਰਨ ਵੇਲੇ ਫਸਲ ਵਿਚ ਪਾਣੀ ਜ਼ਰੂਰ ਖੜ੍ਹਾ ਹੋਵੇ ।

★ **ਖਾਦਾਂ ਦੀ ਸੁਚੱਜੀ ਵਰਤੋਂ** : ਨਾਈਟਰੋਜਨ ਤੱਤ ਵਾਲੀਆਂ ਖਾਦਾਂ ਵੱਧ ਪਾਉਣ ਨਾਲ ਇਸ ਸੁੰਡੀ ਦਾ ਹਮਲਾ ਵਧੇਰੇ ਹੁੰਦਾ ਹੈ । ਇਸ ਲਈ ਖਾਦਾਂ ਦੀ ਵਰਤੋਂ ਸਿਫਾਰਿਸ਼ ਅਨੁਸਾਰ ਹੀ ਕਰੋ ।

★ **ਰਸਾਇਣਕ ਰੋਕਥਾਮ** : ਖੇਤ ਵਿਚ ਖੜ੍ਹੀ ਫਸਲ ਤੇ ਕੀੜੇ ਦੇ ਹਮਲੇ ਦਾ ਲਗਾਤਾਰ ਸਰਵੇਖਣ ਕਰਦੇ ਰਹੋ ਅਤੇ ਜਿਉਂ ਹੀ ਕੀੜੇ ਦੁਆਰਾ ਨੁਕਸਾਨੇ ਪੱਤਿਆਂ ਦੀ ਗਿਣਤੀ 10 ਫੀਸਦੀ ਜਾਂ ਇਸ ਤੋਂ ਵੱਧ ਹੋਵੇ ਤਾਂ ਨਿੰਮ ਆਧਾਰਿਤ 80 ਮਿਲੀਲੀਟਰ ਇਕੋਟਿਨ (ਅਜ਼ੈਡੀਰੈਕਟਿਨ 5%) ਜਾਂ 20 ਮਿਲੀਲਿਟਰ ਫੇਮ 480 ਐਸ ਸੀ (ਫਲੂਬੈਂਡਾਮਾਈਡ 39.35%) ਜਾਂ 50 ਗ੍ਰਾਮ ਟਾਕੂਮੀ 20 ਡਬਲਯੂ ਜੀ (ਫਲੂਬੈਂਡਾਮਾਈਡ 20%) ਜਾਂ 60 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 400 ਗ੍ਰਾਮ ਸੁਪਰੀਮ 50 ਐਸ ਪੀ (ਥਿਓਸਾਈਕਲੇਮ ਹਾਈਡ੍ਰੋਜਨ ਆਕਸਾਲੇਟ) ਜਾਂ 170 ਗ੍ਰਾਮ ਮੋਰਟਰ 75 ਐਸ ਜੀ (ਕਾਰਟਾਪ ਹਾਈਡਰੋਕਲੋਰਾਈਡ) ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਇਕੋਟਿਨ ਦੀ ਵਰਤੋਂ ਨੂੰ ਕੀੜੇ ਦੇ ਸ਼ੁਰੂਆਤੀ ਹਮਲੇ ਸਮੇਂ ਪਹਿਲ ਦਿਓ ।

**ਕੇ. ਐਸ. ਸੂਰੀ ਅਤੇ ਰੂਬਲਜੋਤ ਕੂੰਨਰ,
ਕੀਟ ਵਿਗਿਆਨ ਵਿਭਾਗ, ਪੀ. ਏ. ਯੂ.,
ਲੁਧਿਆਣਾ** (ਮੋ. 99159-02788)



ਸਮੇਂ ਸਿਰ ਕਰੋ

## ਝੋਨੇ ਦੀ ਫਸਲ ਵਿਚ ਚੂਹਿਆਂ ਦੀ ਰੋਕਥਾਮ

ਕਿਸਾਨ ਵੀਰੋ ! ਝੋਨੇ ਦੀ ਫਸਲ ਵਿਚ ਇਸ ਵੇਲੇ ਦੁਧੀਆ ਦਾਣਾ ਪੈਣ ਵਾਲਾ ਹੈ ਅਤੇ ਇਹ ਸਮਾਂ ਚੂਹਿਆਂ ਦੀ ਰੋਕਥਾਮ ਲਈ ਢੁੱਕਵਾਂ ਹੈ । ਜੇਕਰ ਇਕ ਏਕੜ ਵਿਚ ਖੇਤ ਦੇ ਅੰਦਰ ਜਾਂ ਬਾਹਰ ਵੱਟਾਂ, ਖਾਲਾਂ ਆਦਿ ਤੇ ਚੂਹਿਆਂ ਦੀਆਂ 10 ਤੋਂ ਵੱਧ ਤਾਜ਼ੀਆਂ ਖੁੱਡਾ ਹੋਣ ਤਾਂ ਹੇਠ ਦਿੱਤੇ ਢੰਗ ਨਾਲ ਚੂਹਿਆਂ ਦੀ ਰੋਕਥਾਮ ਕਰੋ ।

**2% ਜ਼ਿੰਕ ਫਾਸਫਾਈਡ ਵਾਲਾ ਚੋਗ** : 1 ਕਿਲੋ ਕਣਕ ਦਾ ਦਰੜ ਜਾਂ ਜਵਾਰ, ਬਾਜਰਾ ਆਦਿ ਦੇ ਦਾਣਿਆਂ, 20 ਗ੍ਰਾਮ ਖਾਣ ਵਾਲਾ ਰਿਫਾਇੰਡ ਤੇਲ ਤੇ 20 ਗ੍ਰਾਮ ਪੀਸੀ ਖੰਡ ਦੇ ਮਿਸ਼ਰਣ ਵਿਚ 25 ਗ੍ਰਾਮ ਜ਼ਿੰਕ ਫਾਸਫਾਈਡ ਦਵਾਈ ਦਾ ਪਾਊਡਰ ਕਿਸੇ ਭਾਂਡੇ ਵਿਚ ਪਾ ਕੇ ਚੰਗੀ ਤਰ੍ਹਾਂ ਰਲਾਓ ।

**0.005% ਬਰੋਮਾਡਾਇਲੋਨ ਵਾਲਾ ਚੋਗ** : 1 ਕਿਲੋ ਕਣਕ ਦਾ ਦਰੜ ਜਾਂ ਜਵਾਰ, ਬਾਜਰਾ ਆਦਿ ਦੇ ਦਾਣਿਆਂ ਜਾਂ ਆਟੇ, 20 ਗ੍ਰਾਮ ਖਾਣ ਵਾਲਾ ਰਿਫਾਇੰਡ ਤੇਲ ਤੇ 20 ਗ੍ਰਾਮ ਪੀਸੀ ਖੰਡ ਦੇ ਮਿਸ਼ਰਣ ਵਿਚ 20 ਗ੍ਰਾਮ ਬਰੋਮਾਡਾਇਲੋਨ ਦਵਾਈ ਦਾ ਪਾਊਡਰ ਕਿਸੇ ਭਾਂਡੇ ਵਿਚ ਪਾ ਕੇ ਚੰਗੀ ਤਰ੍ਹਾਂ ਰਲਾਓ ।

**ਵਿਧੀ** : ਸ਼ਾਮ ਨੂੰ ਚੂਹਿਆਂ ਦੀਆਂ ਸਾਰੀਆਂ ਖੁੱਡਾਂ ਦੇ ਮੂੰਹ ਬੰਦ ਕਰੋ ਤੇ ਅਗਲੇ ਦਿਨ ਤਾਜ਼ੀਆਂ ਖੁੱਲ੍ਹੀਆਂ ਖੁੱਡਾਂ ਵਿਚ 10-10 ਗ੍ਰਾਮ ਜ਼ਿੰਕ ਫਾਸਫਾਈਡ ਜਾਂ ਬਰੋਮਾਡਾਈਲੋਨ ਵਾਲੇ ਚੋਗ ਨੂੰ ਕਾਗਜ਼ ਦੀਆਂ ਢਿੱਲੀਆਂ ਪੁੜੀਆਂ ਵਿਚ ਤਕਰੀਬਨ 6 ਇੰਚ ਹਰ ਖੁੱਡ ਅੰਦਰ ਰੱਖੋ । ਢੱਕੀਆਂ ਖੁੱਡਾਂ ਵਾਲੇ ਚੂਹੇ ਦੀ ਖੁੱਡ ਉਪਰੋਂ ਧਿਆਨ ਨਾਲ ਮਿੱਟੀ ਹਟਾਉ ਤੇ ਖੁੱਡ ਵਿਚ ਡੂੰਘਾਈ ਤੇ ਜ਼ਹਿਰੀਲਾ ਚੋਗਾ ਰੱਖੋ । 10-15 ਦਿਨਾਂ ਦੇ ਵਕਫੇ ਤੇ ਬਚੇ ਹੋਏ ਚੂਹਿਆਂ ਨੂੰ ਮਾਰਨ ਲਈ ਬਰੋਮਾਡਾਈਲੋਨ ਵਾਲੇ ਚੋਗ ਨੂੰ ਕਾਗਜ਼ ਦੀਆਂ ਢਿੱਲੀਆਂ ਪੁੜੀਆਂ ਵਿਚ ਤਕਰੀਬਨ 6 ਇੰਚ ਹਰ ਖੁੱਡ ਅੰਦਰ ਰੱਖੋ ।

ਖੜੀ ਫਸਲ ਵਿਚ ਜ਼ਿੰਕ ਫਾਸਫਾਈਡ ਜਾਂ ਬਰੋਮਾਡਾਈਲੋਨ ਦਾ ਜ਼ਹਿਰੀਲਾ ਚੋਗ 400 ਗ੍ਰਾਮ ਪ੍ਰਤੀ ਏਕੜ ਕਾਗਜ਼ ਦੇ ਟੁਕੜਿਆਂ ਉੱਪਰ 10-10 ਗ੍ਰਾਮ ਸ਼ਾਮ ਵੇਲੇ ਰੱਖਿਆ ਜਾ ਸਕਦਾ ਹੈ ।

**ਪਿੰਡ ਪੱਧਰ ਤੇ ਮੁਹਿੰਮ** : ਚੰਗੇ ਨਤੀਜੇ ਹਾਸਲ ਕਰਨ ਲਈ ਚੂਹੇਮਾਰ ਮੁਹਿੰਮ ਦਾ ਪਿੰਡ ਪੱਧਰ ਤੇ ਅਪਨਾਉਣਾ ਬਹੁਤ ਜ਼ਰੂਰੀ ਹੈ, ਜਿਸ ਵਿਚ ਇਕ ਪਿੰਡ ਦੀ ਸਾਰੇ ਖੇਤਾਂ, ਖਾਲੀ ਥਾਵਾਂ ਅਤੇ ਪੁਰਾਣੀਆਂ ਪੱਕੀਆਂ ਵੱਟਾਂ ਉੱਪਰ ਰੱਲ ਕੇ ਇਕੋ ਸਮੇਂ ਤੇ ਚੂਹੇਮਾਰ ਦਵਾਈ ਦਾ ਚੋਗ ਰੱਖਣਾ ਚਾਹੀਦਾ ਹੈ । ਉੱਲੂ, ਸੱਪ, ਗੋਹ, ਨਿਉਲੇ ਆਦਿ ਚੂਹਿਆਂ ਨੂੰ ਖਾਂਦੇ ਹਨ ਤੇ ਉਨ੍ਹਾਂ ਦੇ ਕੁਦਰਤੀ ਦੁਸ਼ਮਣ ਹਨ । ਇਸ ਲਈ ਇਨ੍ਹਾਂ ਨੂੰ ਨਾ ਮਾਰੋ ।

**ਨੀਨਾ ਸਿੰਗਲਾ, ਜੀਵ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ** (ਮੋ. 93573-25446)

BEW
KSA
ਕਿਸਾਨ ਖੁਸ਼ਹਾਲ
ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ

• ਲੋਨ ਉਪਲੱਬਧ
• ਸਬਸਿਡੀ ਉਪਲੱਬਧ
• ਬੁਕਿੰਗ ਸ਼ੁਰੂ
• ਪਾਊਡਰ ਕੋਟਿੰਗ ਪੇਂਟ
• ਪੇਟੇਂਟ ਡਿਜਾਇਨ
TOLL FREE NUMBER 1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS AGRICULTURAL INDUSTRIES PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

## ਪੀ.ਏ.ਯੂ. ਵੱਲੋਂ ਸਤੰਬਰ ਵਿੱਚ ਲਗਾਏ ਜਾ ਰਹੇ

# ਕਿਸਾਨ ਮੇਲੇ

| | | | |
|---|---|---|---|
| ਨਾਗਕਲਾਂ (ਅੰਮ੍ਰਿਤਸਰ) | 3 ਸਤੰਬਰ | ਗੁਰਦਾਸਪੁਰ | 18 ਸਤੰਬਰ |
| ਬੱਲੋਵਾਲ ਸੌਂਖੜੀ | 6 ਸਤੰਬਰ | ਰੌਣੀ (ਪਟਿਆਲਾ) | 24 ਸਤੰਬਰ |
| ਫਰੀਦਕੋਟ | 10 ਸਤੰਬਰ | ਬਠਿੰਡਾ | 27 ਸਤੰਬਰ |

**ਪੀ.ਏ.ਯੂ. ਲੁਧਿਆਣਾ 13 ਤੇ 14 ਸਤੰਬਰ**





# ਮਿਆਰੀ ਬੀਜ ਉਤਪਾਦਨ - ਸਫਲ ਖੇਤੀ ਦਾ ਅਨਿੱਖੜਵਾਂ ਅੰਗ

ਤਰਵਿੰਦਰ ਪਾਲ ਸਿੰਘ, ਦੀਪਕ ਅਰੋੜਾ ਅਤੇ ਗੌਰਵ ਖੋਸਲਾ,
ਦਫਤਰ ਨਿਰਦੇਸ਼ਕ ਬੀਜ, ਪੀ. ਏ. ਯੂ., ਲੁਧਿਆਣਾ (ਮੋ. 98724-28072)

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਜਿੱਥੇ ਖੋਜ ਕਾਰਜਾਂ ਰਾਹੀਂ ਨਵੀਆਂ ਕਿਸਮਾਂ ਅਤੇ ਤਕਨੀਕਾਂ ਵਿਕਸਿਤ ਕਰਕੇ ਕਿਸਾਨਾਂ ਨੂੰ ਅਰਪਣ ਕਰਦੀ ਹੈ, ਇਸਦੇ ਨਾਲ ਇਸ ਯੂਨੀਵਰਸਿਟੀ ਦਾ ਮੁੱਖ ਟੀਚਾ ਇਨ੍ਹਾਂ ਬੀਜ ਉਤਪਾਦਨ ਅਦਾਰਿਆਂ ਲਈ ਬ੍ਰੀਡਰ (ਨਸਲੀ) ਅਤੇ ਫਾਊਂਡੇਸ਼ਨ (ਅਧਾਰੀ) ਬੀਜ ਉਪਲਬਧ ਕਰਵਾਉਣਾ ਹੈ । ਇਸ ਦਾ ਸਭ ਤੋਂ ਸੌਖਾ ਅਤੇ ਲਾਹੇਵੰਦ ਹੱਲ ਇਹ ਹੈ ਕਿ ਕਿਸਾਨ ਆਪਣੇ ਪੱਧਰ ਤੇ ਹੀ ਮਿਆਰੀ ਬੀਜ ਪੈਦਾ ਕਰਨ । ਇਸ ਲਈ ਕਿਸਾਨਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ ਤਾਂ ਜੋ ਉਹ ਆਪਣੇ ਹੀ ਖੇਤਾਂ ਵਿਚ ਸੁੱਧਰੇ ਬੀਜ ਪੈਦਾ ਕਰਕੇ ਆਪਣੀ ਅਤੇ ਹੋਰ ਗੁਆਂਢੀ ਕਿਸਾਨਾਂ ਦੀ ਬੀਜ ਸਬੰਧੀ ਜ਼ਰੂਰਤ ਵੀ ਪੂਰੀ ਕਰਨ ਦੇ ਸਮਰੱਥ ਹੋ ਸਕਣ । ਸਵੈ ਪਰਾਗਣ ਵਾਲੀਆਂ ਫਸਲਾਂ ਜਿਵੇਂ ਕਿ ਕਣਕ, ਝੋਨਾ, ਮੂੰਗੀ, ਮਾਂਹ, ਸੋਇਆਬੀਨ, ਛੋਲੇ ਆਦਿ ਅਤੇ ਘੱਟ ਪਰ ਪਰਾਗਣ ਵਾਲੀਆਂ ਫਸਲਾਂ ਜਿਵੇਂ ਕਿ ਅਰਹਰ, ਕਪਾਹ, ਰਾਇਆ ਸਰ੍ਹੋਂ ਆਦਿ ਦਾ ਬੀਜ ਉਤਪਾਦਨ ਬਿਨਾਂ ਕਿਸੇ ਮੁਸ਼ਕਲ ਤੋਂ ਕੀਤਾ ਜਾ ਸਕਦਾ ਹੈ । ਇਸੇ ਤਰ੍ਹਾਂ ਪਰ-ਪਰਾਗਣ ਵਾਲੀਆਂ ਫਸਲਾਂ ਕਿਵੇਂ ਕਿ ਮੱਕੀ, ਬਾਜਰਾ, ਸੂਰਜਮੁਖੀ, ਖਰਬੂਜੇ ਆਦਿ ਨੂੰ ਕੁਝ ਨਦੀਨਾਂ ਅਤੇ ਫਸਲ ਦੀਆਂ ਹੋਰ ਕਿਸਮਾਂ ਨਾਲ ਪਰ-ਪਰਾਗਣ ਤੋਂ ਬਚਾ ਕੇ ਵਧੀਆ ਬੀਜ ਉਤਾਪਾਦਨ ਕੀਤਾ ਜਾ ਸਕਦਾ ਹੈ ।

ਨਿਰਧਾਰਿਤ ਮਿਆਰਾਂ ਵਾਲੇ ਬੀਜ ਪੈਦਾ ਕਰਨ ਲਈ ਬੀਜ ਦਾ ਪੰਜਾਬ ਰਾਜ ਬੀਜ ਪ੍ਰਮਾਣੀਕਰਨ ਸੰਸਥਾ ਵਲੋਂ ਖੇਤਾਂ ਅਤੇ ਬੀਜਾਂ ਦੇ ਨਿਸ਼ਚਿਤ ਮਾਪਦੰਡਾਂ ਨੂੰ ਧਿਆਨ ਵਿਚ ਰੱਖ ਕੇ ਪ੍ਰਮਾਣੀਕਰਨ ਕੀਤਾ ਜਾਂਦਾ ਹੈ ।

**ਜ਼ਮੀਨ ਦੀ ਚੋਣ** : ਖੇਤ ਦੀ ਚੋਣ ਵੇਲੇ ਇਸ ਗੱਲ ਦਾ ਖਾਸ ਖਿਆਲ ਰੱਖੋ ਕਿ ਪਿਛਲੇ ਸਾਲ ਉਸ ਖੇਤ ਵਿਚ ਇਸੇ ਫਸਲ ਦੀ ਕੋਈ ਵੀ ਕਿਸਮ ਨਾ ਬੀਜੀ ਹੋਵੇ ਖਾਸ ਕਰਕੇ ਝੋਨੇ, ਤੋਰੀਏ ਅਤੇ ਸਰ੍ਹੋਂ ਦੇ ਬੀਜ ਉਤਪਾਦਨ ਸਮੇਂ, ਕਿਉਕਿ ਇਹਨਾਂ ਫਸਲਾਂ ਦੇ ਬੀਜ ਜ਼ਮੀਨ ਵਿੱਚ ਬਿਨਾਂ ਖਰਾਬ ਹੋਏ ਲੰਬੇ ਸਮੇਂ ਤੱਕ ਰਹਿ ਸਕਦੇ ਹਨ ਅਤੇ ਅਨੁਕੂਲ ਮੌਸਮ ਮਿਲਣ ਤੇ ਜੰਮ ਪੈਂਦੇ ਹਨ, ਜਿਸ ਨਾਲ ਆਪੇ ਉੱਗੇ ਬੂਟੇ ਬੀਜ ਵਾਲੀ ਫਸਲ ਵਿਚ ਰਲ ਸਕਦੇ ਹਨ ਅਤੇ ਬੀਜ ਦੀ ਗੁਣਵੱਤਾ ਤੇ ਮਾੜਾ ਅਸਰ ਪਾ ਸਕਦੇ ਹਨ । ਝੋਨੇ



ਦੀ ਪਨੀਰੀ ਉਗਾਉਣ ਵੇਲੇ ਵੀ ਇਸ ਗੱਲ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਕਿ ਜਿਸ ਜਗ੍ਹਾ ਪਿਛਲੇ ਸਾਲ ਝੋਨਾ ਝਾੜਿਆ ਗਿਆ ਹੋਵੇ, ਉਹ ਜਗ੍ਹਾ ਪਨੀਰੀ ਬੀਜਣ ਲਈ ਨਾ ਵਰਤੀ ਜਾਵੇ । ਨੀਵੇਂ ਖੇਤਾਂ ਵਿਚ ਬੀਜ ਉਤਪਾਦਨ ਨੂੰ ਤਰਜੀਹ ਨਹੀਂ ਦੇਣੀ ਚਾਹੀਦੀ ਕਿਉਕਿ ਇਹਨਾਂ ਖੇਤਾਂ ਵਿੱਚ ਮੀਂਹ ਦਾ ਪਾਣੀ ਇਕੱਠਾ ਹੋ ਕੇ ਬੀਜ ਵਾਲੀ ਫਸਲ ਦਾ ਨੁਕਸਾਨ ਕਰ ਸਕਦਾ ਹੈ । ਹਮੇਸ਼ਾਂ ਉੱਚੇ ਖੇਤ, ਜਿਹਨਾਂ ਵਿੱਚੋਂ ਵਾਧੂ ਪਾਣੀ ਆਸਾਨੀ ਨਾਲ ਕੱਢਿਆ ਜਾ ਸਕੇ, ਨੂੰ ਬੀਜ ਉਤਪਾਦਨ ਲਈ ਤਰਜੀਹ ਦਿਓ । ਇਹਨਾਂ ਖੇਤਾਂ ਵਿਚ ਖੜ੍ਹੀ ਫਸਲ ਵਿੱਚੋਂ ਹਵਾ ਵੀ ਆਸਾਨੀ ਨਾਲ ਲੰਘ ਸਕਦੀ ਹੈ, ਜੋ ਕਿ ਸਿਹਤਮੰਦ ਫਸਲ ਲਈ ਬੜੀ ਲਾਹੇਵੰਦ ਮੰਨੀ ਜਾਂਦੀ ਹੈ ।

**ਬੀਜ ਪੈਦਾ ਕਰਨ ਲਈ ਕਿਸਮ ਦੀ ਚੋਣ** : ਬੀਜ ਪੈਦਾ ਕਰਨ ਲਈ ਕਿਸਮ ਦੀ ਚੋਣ ਕਰਨ ਵੇਲੇ ਇਨ੍ਹਾਂ ਕੁੱਝ ਗੱਲਾਂ ਦਾ ਧਿਆਨ ਰੱਖੋ ਕਿ ਉਹ ਕਿਸਮ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਪ੍ਰਮਾਣਿਤ ਹੋਵੇ, ਬੀਜ ਉਤਪਾਦਨ ਵਾਲੇ ਇਲਾਕੇ ਵਿਚ ਵਧੀਆ ਝਾੜ ਦੇਂਦੀ ਹੋਵੇ ਅਤੇ ਉਸ ਕਿਸਮ ਵਿਚ ਹੋਰ ਗੁਣ ਜਿਵੇਂ ਬਿਮਾਰੀਆਂ ਤੋਂ ਬਚਾਅ, ਅਗੇਤੀ, ਵਧੀਆ ਕੁਆਲਿਟੀ ਆਦਿ ਵੀ ਹੋਣ ।

**ਸਹੀ ਬੀਜ ਦੀ ਚੋਣ** : ਬੀਜ ਹਮੇਸ਼ਾ ਹੀ ਵਧੀਆ ਕੁਆਲਿਟੀ ਦਾ ਵਰਤੋਂ ਅਤੇ ਬੀਜ ਦੀ ਥੈਲੀ ਤੇ ਟੈਗ ਲੱਗਿਆ ਸੁਨਿਸ਼ਚਤ ਕਰੋ । ਬੀਜ ਕਿਸੇ ਸਰਕਾਰੀ, ਅਰਧ ਸਰਕਾਰੀ ਜਾਂ ਭਰੋਸੇਮੰਦ ਪ੍ਰਾਈਵੇਟ ਅਦਾਰ ਤੋਂ ਹੀ ਖਰੀਦੋ । ਬੀਜ ਖਰੀਦਣ ਲੱਗਿਆਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖੋ :

1. ਬੀਜ ਦੀ ਸ਼੍ਰੇਣੀ ਦੇਖ ਕੇ ਖਰੀਦੋ । ਜੇ ਤੁਸੀ ਸਰਟੀਫਾਈਡ (ਪ੍ਰਮਾਣਿਤ) ਬੀ ਤਿਆਰ ਕਰਨਾ ਹੈ ਤਾਂ ਇਸ ਦੀ ਫਾਊਂਡੇਸ਼ਨ (ਅਧਾਰੀ) ਬੀਜ ਹੀ ਵਰਤੋ ।
2. ਬੀਜ ਦੀ ਥੈਲੀ ਸਹੀ ਟੈਗ ਵੇਖ ਕੇ ਕੇ ਖਰੀਦੋ । ਬੀਜ ਦੀ ਥੈਲੀ ਅਤੇ ਟੈਗ ਤੇ ਦਿੱਤੀ ਗਈ ਜਾਣਕਾਰੀ ਦਾ ਮਿਲਾਣ ਜਰੂਰ ਕਰ ਲਓ ।
3. ਸਾਰੀਆਂ ਥੈਲੀਆਂ ਇੱਕੋ ਕਿਸਮ ਦੀਆਂ ਹੋਣ ।

**ਬੀਜ ਦੀ ਸੋਧ** : ਆਮ ਤੌਰ ਤੇ ਫਾਊਂਡੇਸ਼ਨ ਜਾਂ ਸਰਟੀਫਾਈਡ ਬੀਜ ਜਿਹੜਾ ਕਿ ਅਸੀਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਲੈਂਦੇ ਹਾਂ ਉਹ ਪਹਿਲਾਂ ਤੋਂ ਹੀ ਸੋਧਿਆ ਹੁੰਦਾ ਹੈ । ਜੇ ਬੀਜ ਸੋਧਿਆ ਨਹੀਂ ਹੈ ਤਾਂ ਉਸ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਅਨੁਸਾਰ ਸੋਧੋ । ਸੋਧਿਆ ਹੋਇਆ ਬੀਜ ਫਸਲ ਨੂੰ ਮਿੱਟੀ ਅਤੇ ਬੀਜ ਤੋਂ ਫੈਲਣ ਵਾਲੀਆਂ ਬਿਮਾਰੀਆਂ ਤੋਂ ਸਹਾਈ ਹੁੰਦਾ ਹੈ ਜੋ ਕਿ ਆਰਥਿਕ ਤੌਰ ਤੇ ਵੀ ਬਹੁਤ ਢੁੱਕਵਾਂ ਤਰੀਕਾ ਹੈ । ਉਦਾਹਰਨ ਦੇ ਤੌਰ ਤੇ ਬਾਸਮਤੀ ਵਿਚ ਹੋਣ ਵਾਲਾ ਝੰਡਾ ਰੋਗ ਅਤੇ ਕਣਕ ਦੇ ਸਿੱਟੇ ਦਾ ਕਾਂਗਿਆਰੀ ਰੋਗ ਸਿਰਫ ਸਹੀ ਬੀਜ ਉਪਚਾਰ ਨਾਲ ਹੀ ਰੋਕਿਆ ਜਾ ਸਕਦਾ ਹੈ । ਇਸੇ ਤਰ੍ਹਾਂ ਕੁਝ ਫਸਲਾਂ ਵਿਚ ਬੀਜ ਨੂੰ ਕੀੜੇਮਾਰ ਦਵਾਈਆਂ ਨਾਲ ਵੀ ਸੋਧਿਆ ਜਾ ਸਕਦਾ ਹੈ । ਉਦਾਹਰਨ ਦੇ ਤੌਰ ਤੇ ਮੱਕੀ ਅਤੇ ਜਵਾਰ ਵਿਚ ਸ਼ਾਖ ਦੀ ਮੱਖੀ ਤੋਂ ਬਚਾਅ ਲਈ ਬੀਜ ਨੂੰ ਸੋਧਿਆ ਜਾਂਦਾ ਹੈ । ਫਸਲ ਬੀਜਣ ਤੋਂ ਬਾਅਦ ਪੰਛੀਆਂ ਅਤੇ ਸਿਉਂਕ ਦੁਆਰਾ ਹੋਣ ਵਾਲੇ ਨੁਕਸਾਨ ਤੋਂ ਬਚਣ ਲਈ ਵੀ ਕੀੜੇਮਾਰ ਦਵਾਈਆਂ ਨਾਲ ਬੀਜ ਦੀ ਸੋਧ ਜ਼ਰੂਰੀ ਹੋ ਜਾਂਦੀ ਹੈ ।

**ਬਿਜਾਈ ਦੇ ਢੰਗ** : ਬੀਜ ਵਾਲੀ ਫਸਲ ਨੂੰ ਹਮੇਸ਼ਾ ਕਤਾਰਾਂ ਵਿਚ ਹੀ ਬੀਜਣਾ ਚਾਹੀਦਾ ਹੈ । ਸਭ ਤੋਂ ਸੌਖਾ ਤਰੀਕਾ ਬੀਜ ਡਰਿੱਲ ਨਾਲ ਬਿਜਾਈ ਹੈ । ਇਸ ਗੱਲ ਦਾ ਧਿਆਨ ਰੱਖੋ ਕਿ ਬਿਜਾਈ ਤੋਂ ਪਹਿਲਾਂ ਡਰਿੱਲ ਚੰਗੀ ਤਰ੍ਹਾਂ ਸਾਫ ਹੋਵੇ । ਬੀਜ ਉਤਪਾਦਨ ਵੇਲੇ ਹਰ 10-12 ਕਤਾਰਾਂ ਬਾਦ ਇਕ ਕਤਾਰ ਖਾਲੀ ਛੱਡੋ, ਜਿਸ ਨਾਲ ਨਾਲ ਓਪਰੇ ਬੂਟੇ ਕੱਢਣੇ ਅਤੇ ਫਸਲ ਦਾ ਨਿਰੀਖਣ ਕਰਨਾ ਸੁਖਾਵਾਂ ਹੋ ਜਾਂਦਾ ਹੈ ।

**ਫਸਲਾਂ ਵਿਚਕਾਰ ਫਾਸਲਾ** : ਬੀਜ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਣ ਲਈ ਬੀਜ ਵਾਲੀ ਫਸਲ ਇਸੇ ਫਸਲ ਦੇ ਦੂਜੇ ਖੇਤਾਂ ਤੋਂ ਘੱਟ ਤੋਂ ਘੱਟ ਇਕ ਨਿਰਧਾਰਤ ਦੂਰੀ ਤੇ ਹੋਣੀ ਚਾਹੀਦੀ ਹੈ ਤਾਂ ਕਿ ਪਰ ਪਰਾਗਣ ਅਤੇ ਰਲਾਅ ਨਾ ਹੋ ਸਕੇ । ਇਹ ਫਾਸਲਾ ਕੇਂਦਰੀ ਬੀਜ ਪ੍ਰਮਾਣਿਤ ਸੰਸਥਾ ਵੱਲੋਂ ਨਿਰਧਾਰਤ ਕੀਤਾ ਜਾਂਦਾ ਹੈ ।

| ਫਸਲ | ਨਿਵੇਕਲੀ ਦੂਰੀ (ਮੀਟਰ) |
|---|---|
| ਕਣਕ, ਝੋਨਾ, ਮੂੰਗਫਲੀ ਅਤੇ ਸੋਇਆਬੀਨ | 3 |
| ਮੱਕੀ | 200 |
| ਮੂੰਗੀ, ਮਾਂਹ, ਛੋਲੇ ਅਤੇ ਮਟਰ | 5 |
| ਅਰਹਰ | 10 |
| ਸੂਰਜਮੁਖੀ | 200 |
| ਸਰ੍ਹੋਂ | 50 |
| ਅਲਸੀ | 25 |

**ਕਾਸ਼ਤ ਦੇ ਢੰਗ** : ਬੀਜ ਦੀ ਫਸਲ ਲਈ ਹਮੇਸ਼ਾ ਕਾਸ਼ਤ ਦੇ ਉੱਨਤ ਢੰਗ ਵਰਤੋ । ਫਸਲ ਨੂੰ ਖਾਦਾਂ ਦੀ ਸਿਫਾਰਸ਼ ਕੀਤੀ ਮਾਤਰਾ ਸਹੀ ਸਹੀ ਤੇ ਪਾਓ । ਇਸ ਤੋਂ ਇਲਾਵਾ ਫਸਲ ਨੂੰ ਕਦੇ ਵੀ ਪਾਣੀ ਤੋਂ ਵਾਂਝਾ ਨਾ ਰੱਖੋ । ਫਸਲ ਨੂੰ ਨਦੀਨ ਮੁਕਤ ਅਤੇ ਕੀੜਿਆਂ ਅਤੇ ਬਿਮਾਰੀਆਂ ਦੇ ਹਮਲੇ ਤੋਂ ਬਚਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਸ਼ ਕੀਤੀਆਂ ਦਵਾਈਆਂ ਦੀ ਲੋੜ ਅਨੁਸਾਰ ਵਰਤੋਂ ਕਰੋ ।

**ਫਸਲ ਦਾ ਨਿਰੀਖਣ** : ਬੀਜ ਵਾਲੀ ਦੀ ਫਸਲ ਦਾ ਸਮੇਂ ਸਮੇ ਸਿਰ ਨਿਰੀਖਣ ਕਰਨਾ ਬਹੁਤ ਜ਼ਰੂਰੀ ਹੈ ਤਾਂ ਕਿ ਓਪਰੇ ਬੂਟੇ, ਨਦੀਨ ਅਤੇ ਦੂਜੀਆਂ ਫਸਲਾਂ ਦੇ ਬੂਟੇ ਕੱਢੇ ਜਾ ਸਕਣ । ਆਮ ਤੌਰ ਤੇ ਨਿਰੀਖਣ ਫਸਲ ਦੀ ਹੇਠ ਲਿਖੀਆਂ ਅਵਸਥਾਵਾਂ ਤੇ ਕੀਤਾ ਜਾਂਦਾ ਹੈ ।

1. ਫੁੱਲ ਆਉਣ ਤੋਂ ਪਹਿਲਾਂ
2. ਫੁੱਲ ਆਉਣ ਤੇ
3. ਫਸਲ ਪੱਕਣ ਤੇ

ਪਰ-ਪਰਾਗਣ ਵਾਲੀਆਂ ਫਸਲਾਂ ਵਿਚ ਫੁੱਲ ਆਉਣ ਤੋਂ ਪਹਿਲਾਂ ਨਿਰੀਖਣ ਬਹੁਤ ਜ਼ਰੂਰੀ ਹੈ ਤਾਂ ਜੋ ਜੈਵਿਕ ਸ਼ੁੱਧਤਾ ਤੇ ਅਸਰ ਨੇ ਪਏ । ਜਿਹੜੇ ਬੂਟੇ ਕੱਦ ਕਾਠ, ਪੱਤਿਆਂ ਦੇ ਰੰਗ, ਆਕਾਰ ਅਤੇ ਦਿਸ਼ਾ ਵਿਚ ਬਾਕੀ ਫਸਲ ਤੋਂ ਅਲੱਗ ਲੱਗਣ, ਉਹਨਾਂ ਨੂੰ ਕੱਢ ਦਿਓ । ਫੁੱਲ ਆਉਣ ਤੇ ਉਹ ਸਾਰੇ ਓਪਰੇ ਬੂਟੇ ਜਿਹੜੇ ਪਹਿਲਾਂ ਨਹੀਂ ਕੱਢੇ ਜਾ ਸਕੇ, ਕੱਢ ਦਿਓ । ਦੋਗਲੀਆਂ ਕਿਸਮਾਂ ਵਿਚ ਜਿੱਥੇ ਪਰਾਗਣ ਰਹਿਤ (ਖੱਸੀ) ਮਾਦਾ ਲਾਈਨ ਇਸਤੇਮਾਲ ਕੀਤੀ ਜਾਂਦੀ ਹੈ, ਉੱਥੇ ਧਿਆਨ ਰੱਖੋ ਕਿ ਕੋਈ ਵੀ ਪਰਾਗ ਕਣ ਵਾਲਾ ਬੂਟਾ ਹੈ ਤਾਂ ਉਸ ਨੂੰ ਪੁੱਟ ਦਿਓ ।

ਫਸਲ ਪੱਕਣ ਤੇ ਵੀ ਜੇ ਕੋਈ ਓਪਰਾ ਬੂਟਾ ਹੋਵੇ ਤਾਂ ਕੱਢ ਦਿਓ । ਇਸ ਤੋਂ ਇਲਾਵਾ ਬਿਮਾਰੀ ਵਾਲੇ ਬੂਟੇ ਅਤੇ ਨਦੀਨ ਵੀ ਸਮੇਂ-ਸਮੇਂ ਸਿਰ ਕੱਢਦੇ ਰਹੋ ।

**ਫਸਲ ਦੀ ਵਾਢੀ** : ਵਧੇਰੇ ਝਾੜ ਅਤੇ ਉੱਨਤ ਬੀਜ ਲੈਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਫਸਲ ਵੀ ਵਾਢੀ ਸਹੀ ਸਮੇਂ ਤੇ ਹੀ ਕੀਤੀ ਜਾਵੇ । ਵਾਢੀ ਤੋਂ ਬਾਅਦ ਫਸਲ ਨੂੰ ਹਮੇਸ਼ਾ ਹੀ ਤਰਪਾਲ ਜਾਂ ਪੱਕੇ ਫਸਲ ਤੇ ਹੀ ਝਾੜੋ । ਧਿਆਨ ਰੱਖੋ ਕਿ ਦੋ ਕਿਸਮਾਂ ਦਾ ਬੀਜ ਹਮੇਸ਼ਾ ਅਲੱਗ ਅਲੱਗ ਥਾਂ ਤੇ ਝਾੜੋ ਤਾਂ ਕਿ ਬੀਜ ਮਿਕਸ ਨਾ ਹੋ ਜਾਵੇ ।

**ਬੀਜ ਨੂੰ ਸੁਕਾਉਣਾ** : ਝਾੜਨ ਮੌਕੇ ਬੀਜ ਵਿਚ ਨਮੀ ਜ਼ਿਆਦਾ ਹੁੰਦੀ ਹੈ । ਇਸ ਲਈ ਬੀਜ ਨੂੰ ਪੈਕ ਕਰਨ ਤੋਂ ਪਹਿਲਾਂ ਇਸ ਨੂੰ ਸੁਕਾਉਣ ਬਹੁਤ ਜ਼ਰੂਰੀ ਹੈ । ਆਮ ਤੌਰ ਤੇ ਬੀਜ ਪੈਕ ਕਰਨ ਵੇਲੇ ਇਸ ਵਿਚ ਨਮੀਂ ਦੀ ਮਾਤਰਾ 12 ਪ੍ਰਤੀਸ਼ਤ ਤੋਂ ਘੱਟ ਹੋਣੀ ਚਾਹੀਦੀ ਹੈ । ਬੀਜ ਨੂੰ ਹਮੇਸ਼ਾ ਪੱਕੇ ਫਰਸ਼ ਤੇ ਹੀ ਸੁਕਾਓ । ਬੀਜ ਨੂੰ ਸਟੋਰ ਕਰਨ ਸਮੇਂ ਵੱਖ ਵੱਖ ਫਸਲਾਂ ਦੇ ਬੀਜਾਂ ਵਿਚ ਨਮੀ ਦੀ ਵੱਧ ਤੋਂ ਵੱਧ ਮਾਤਰਾ ਹੇਠ ਲਿਖੇ ਅਨੁਸਾਰ ਹੋਣੀ ਚਾਹੀਦੀ ਹੈ :

| ਫਸਲ | ਵੱਧ ਤੋਂ ਵੱਧ ਨਮੀਂ ਦੀ ਮਾਤਰਾ (%) |
|---|---|
| ਝੋਨਾ | 13 |
| ਕਣਕ, ਜੌਂ, ਮੱਕੀ, ਬਾਜਰਾ, ਸੋਇਆਬੀਨ | 12 |
| ਅਰਹਰ, ਕਪਾਹ, ਬਰਸੀਮ, ਮੂੰਗੀ, ਮਾਂਹ, ਛੋਲੇ | 10 |
| ਮਸਰ, ਮੂੰਗਫਲੀ | |
| ਅਲਸੀ, ਸੂਰਜਮੁਖੀ, ਗੁਆਰਾ | 9 |
| ਸਰ੍ਹੋਂ | 8 |

**ਬੀਜ ਦੀ ਸਾਫ ਸਫਾਈ ਅਤੇ ਗ੍ਰੇਡਿੰਗ** : ਬੀਜ ਵਿਚ ਫਸਲ ਨੂੰ ਵਢਾਈ ਅਤੇ ਗਹਾਈ ਤੋਂ ਬਾਅਦ ਛੱਟ-ਛਾਣ ਕੇ ਸਾਫ ਕੀਤਾ ਜਾਂਦਾ ਹੈ ਤਾਂ ਜੋ ਮਿੱਟੀ, ਧੂੜ, ਟੁੱਟੇ ਅਤੇ ਮੁਰਝਾਏ ਦਾਣੇ ਵੱਖ ਕੀਤੇ ਜਾ ਸਕਣ । ਬੀਜ ਦੀ ਸਾਫ ਸਫਾਈ ਤੋਂ ਬਾਅਦ ਇਸ ਨੂੰ ਗਰੇਡ ਕੀਤਾ ਜਾਂਦਾ ਹੈ ਤਾਂ ਕਿ ਭਾਰ ਦੇ ਅਧਾਰ ਤੇ ਹਲਕੇ ਦਾਣੇ ਵੱਖ ਕੀਤੇ ਜਾ ਸਕਣ । ਇਸ ਤੋਂ ਬਾਅਦ ਇਹਨਾਂ ਬੀਜਾਂ ਦੀ ਸਰਕਾਰੀ ਬੀਜ ਪਰਖ ਲੈਬਾਰਟਰੀ ਵਿਚੋਂ ਸ਼ੁੱਧਤਾ ਅਤੇ ਉੱਗਣ ਸ਼ਕਤੀ ਦੀ ਪਰਖ ਕਰਵਾਈ ਜਾਂਦੀ ਹੈ ਅਤੇ ਨਿਰਧਾਰਿਤ ਮਿਆਰਾਂ ਵਾਲੇ ਬੀਜਾਂ ਨੂੰ ਬੀਜ ਵਾਲੇ ਥੈਲਿਆਂ ਵਿਚ ਪੈਕ ਕਰ ਦਿੱਤਾ ਜਾਂਦਾ ਹੈ । ਬੀਜ ਵਾਲੇ ਥੈਲਿਆਂ ਉੱਪਰ ਬੀਜ ਦੀ ਸ਼੍ਰੇਣੀ, ਫਸਲ ਅਤੇ ਕਿਸਮ ਦਾ ਨਾਮ, ਪੈਕਿੰਗ ਦੀ ਮਿਤੀ, ਘੱਟੋ-ਘੱਟ ਉੱਗਣ ਸਮਰੱਥਾ ਆਦਿਕ ਜਾਣਕਾਰੀ ਦਿੱਤੀ ਜਾਂਦੀ ਹੈ ।

**ਬੀਜ ਦੀ ਪੈਕਿੰਗ** : ਬੀਜ ਹਮੇਸ਼ਾਂ ਹੀ ਸਹੀ ਤਰੀਕੇ ਨਾਲ ਪੈਕ ਕੀਤਾ ਅਤੇ ਲੇਬਲ ਲੱਗਿਆ ਹੋਣਾ ਚਾਹੀਦਾ ਹੈ । ਬੀਜ ਨੂੰ ਸੁਕਾ ਕੇ ਨਵੀਆਂ ਬੋਰੀਆਂ ਜਾਂ ਥੈਲੀਆਂ ਵਿਚ ਪਾਓ । ਜੇ ਪੁਰਾਣੀਆਂ ਥੈਲੀਆਂ ਵਰਤ ਰਹੇ ਹੋ ਤਾਂ ਇਹਨਾਂ ਨੂੰ ਪਹਿਲਾਂ 0.2 ਪ੍ਰਤੀਸ਼ਤ ਮੈਲਾਥਿਅਨ ਦੇ ਘੋਲ ਵਿਚ ਡੁਬੋ ਕੇ ਅਤੇ ਸੁਕਾ ਕੇ ਇਹਨਾਂ ਵਿੱਚ ਬੀਜ ਪਾਓ । ਹਰ ਥੈਲੀ ਤੇ ਸਹੀ ਲੇਬਲ ਲੱਗਿਆ ਹੋਵੇ । ਲੇਬਲ ਉੱਤੇ ਕਿਸਮ ਦਾ ਨਾਂ ਆਦਿ ਸਹੀ ਹੋਵੇ ਤਾਂ ਜੋ ਦੋ ਕਿਸਮਾਂ ਮਿਕਸ ਨਾ ਹੋਣ । ਬੀਜ ਸਾਂਭਣ ਲਈ ਵਰਤਿਆ ਗਿਆ ਗੋਦਾਮ ਸਾਫ-ਸੁਥਰਾ ਅਤੇ ਠੰਡਾ ਹੋਵੇ ਅਤੇ ਗੋਦਾਮ ਵਿਚ ਮੈਲਾਥਿਆਨ ਦਾ ਛਿੜਕਾਅ ਕੀਤਾ ਹੋਵੇ ।

**ਬੀਜ ਦੀ ਪਰਖ** : ਬਿਜਾਈ ਤੋਂ ਪਹਿਲਾ ਬੀਜ ਦੀ ਉੱਗਣ ਸ਼ਕਤੀ ਦੀ ਪਰਖ ਕਰ ਲੈਣੀ ਚਾਹੀਦੀ ਹੈ । ਇਸ ਲਈ ਅਸਾਨ ਤਰੀਕਾ ਇਹ ਹੈ ਕਿ ਦੋ ਸਾਫ ਸੁਥਰੀਆਂ ਜੂਟ ਦੀਆਂ ਬੋਰੀਆਂ ਨੂੰ ਤਾਜੇ ਸਾਫ ਪਾਣੀ ਵਿਚ ਭਿਓਂ ਲਵੋ । ਇੱਕ ਬੋਰੀ ਨੂੰ ਸਾਫ ਸੁਥਰੇ ਫਰਸ਼ ਜਾਂ ਤਰਪਾਲ ਉੱਪਰ ਛਾਂ ਵਾਲੀ ਲਵੋ । ਇਸ ਬੋਰੀ ਉੱਪਰ 100 ਜਾਂ 200 ਬੀਜ ਗਿਣ ਕੇ ਇਕੱਲੇ ਇਕੱਲੇ ਇੱਕੋ ਜਿਹੀ ਦੂਰੀ ਦੇ ਰੱਖੋ । ਇਨ੍ਹਾਂ ਬੀਜਾਂ ਨੂੰ ਦੂਸਰੀ ਬੋਰੀ ਨਾਲ ਢੱਕ ਦਿਓ ਅਤੇ ਇਸ ਨੂੰ ਲੋੜ ਅਨੁਸਾਰ ਪਾਣੀ ਛਿੜਕਾ ਕੇ ਗਿੱਲਾ ਰੱਖੋ । 7-10 ਦਿਨਾਂ ਬਾਅਦ ਉੱਪਰਲੀ ਬੋਰੀ ਨੂੰ ਹਟਾ ਕੇ ਉੱਗੇ ਹੋਏ ਬੀਜਾਂ ਨੂੰ ਗਿਣ ਲਵੋ । ਵੱਖ-ਵੱਖ ਫਸਲਾਂ ਵਿਚ ਘੱਟੋ ਘੱਟ ਲੋੜੀਂਦੀ ਉੱਗਣ ਸ਼ਕਤੀ ਹੇਠ ਲਿਖੇ ਅਨੁਸਾਰ ਹੈ :

| ਫਸਲ | ਘੱਟੋ ਘੱਟ ਲੋੜੀਂਦੀ ਉੱਗਣ ਸ਼ਕਤੀ (%) |
|---|---|
| ਮੱਕੀ, ਦੋਗਲੀ ਮੱਕੀ | 90 |
| ਕਣਕ, ਜੌਂ, ਛੋਲੇ ਅਤੇ ਸਰ੍ਹੋਂ | 85 |
| ਝੋਨਾ, ਬਰਸੀਮ ਅਤੇ ਅਲਸੀ | 80 |
| ਮਸਰ, ਮੂੰਗੀ, ਮਾਂਹ, ਬਾਜਰਾ | 75 |
| ਸੂਰਜਮੁਖੀ, ਮੂੰਗਫਲੀ, ਸੋਇਆਬੀਨ, ਗੁਆਰਾ | 70 |
| ਕਪਾਹ | 65 |
| ਗਿੰਨੀ ਘਾਹ | 20 |

ਇਸ ਤਰੀਕੇ ਨਾਲ ਤਿਆਰ ਕੀਤਾ ਬੀਜ ਨਾ ਕੇਵਲ ਮਿਆਰੀ ਬੀਜ ਦੀ ਘਾਟ ਨੂੰ ਪੂਰਾ ਕਰ ਸਕਦਾ ਹੈ ਸਗੋਂ ਬੀਜ ਉਤਪਾਦਨ ਨੂੰ ਇੱਕ ਕਿੱਤੇ ਵਜੋਂ ਅਪਣਾ ਕੇ ਕਿਸਾਨ ਵਧੇਰੇ ਆਮਦਨ ਪ੍ਰਾਪਤ ਕਰ ਸਕਦੇ ਹਨ ।



# ਝੋਨੇ ਅਤੇ ਬਾਸਮਤੀ ਦੀਆਂ ਬਿਮਾਰੀਆਂ ਦੇ ਕਾਰਨ, ਪਛਾਣ ਅਤੇ ਰੋਕਥਾਮ

ਸਿਕੰਦਰ ਸਿੰਘ ਰੰਧਾਵਾ, ਐੱਮ. ਐਸ. ਸੀ. ਐਗਰੋਨਾਮੀ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ

**ਝੋਨੇ ਤੇ ਬਾਸਮਤੀ 'ਚ ਆਉਣ ਵਾਲੀਆਂ ਪ੍ਰਮੁੱਖ ਬਿਮਾਰੀਆਂ** : ਤਣੇ ਦੁਆਲੇ ਪੱਤੇ ਦਾ ਝੁਲਸ ਰੋਗ, ਭੂਰੇ ਧੱਬਿਆਂ ਦਾ ਰੋਗ, ਭਰੁੜ ਰੋਗ, ਝੰਡਾ ਰੋਗ ਜਾਂ ਮੁੱਢਾਂ ਦਾ ਗਲਣਾ (ਕੇਵਲ ਬਾਸਮਤੀ) ਆਦਿ ਹਨ ।

**ਝੰਡਾ ਰੋਗ ਜਾਂ ਮੁੱਢਾਂ ਦਾ ਗਲਣਾ** : ਮੁੱਢਾਂ ਦਾ ਗਲਣਾ, ਜੋ ਕਿ ਬਾਸਮਤੀ 'ਚ ਆਉਣ ਵਾਲੀ ਮੁੱਖ ਬਿਮਾਰੀ ਹੈ ।



ਝੰਡਾ ਰੋਗ ਇਕ ਉੱਲੀ ਰੋਗ ਹੈ, ਜੋ ਕਿ ਬੀਜ ਅਤੇ ਮਿੱਟੀ ਦੋਵਾਂ ਤੋਂ ਫੈਲਦਾ ਹੈ, ਜਿਸ ਨਾਲ ਬਿਮਾਰ ਬੂਟੇ ਪੀਲੇ ਪੈ ਜਾਂਦੇ ਹਨ ਅਤੇ ਥੱਲੇ ਤੇ ਉੱਪਰ ਵੱਲ ਮੁਰਝਾ ਕੇ ਸੁੱਕ ਜਾਂਦੇ ਹਨ । ਬਿਮਾਰੀ ਵਾਲੇ ਬੂਟੇ ਦੂਜਿਆਂ ਨਾਲੋਂ ਉੱਚੇ ਹੁੰਦੇ ਹਨ ਅਤੇ ਜ਼ਮੀਨ ਉੱਪਰਲੀਆਂ ਪੋਰੀਆਂ ਤੋਂ ਜੜ੍ਹਾਂ ਬਣਾਉਂਦੇ ਹਨ । ਇਸ ਦੀ ਸਰਬਪੱਖੀ ਰੋਕਥਾਮ ਲਈ ਹਮੇਸ਼ਾ ਰੋਗ ਰਹਿਤ ਬੀਜ ਦੀ ਵਰਤੋਂ ਕਰੋ ਅਤੇ ਬੀਜ ਅਤੇ ਪਨੀਰੀ ਨੂੰ ਸੋਧ ਕੇ ਹੀ ਬਿਜਾਈ ਕਰੋ । ਬਿਮਾਰੀ ਵਾਲੇ ਬੂਟੇ ਜੜ੍ਹਾਂ ਸਮੇਤ ਪੁੱਟੋ ਅਤੇ ਮਿੱਟੀ 'ਚ ਦਬਾ ਦਿਓ ਅਤੇ ਪਾਣੀ ਨੂੰ ਖੇਤ 'ਚੋਂ ਸੁਕਾ ਦਿਓ । ਬੀਜ ਦੀ ਸੋਧ ਲਈ ਸਿਰਫ 15 ਗ੍ਰਾਮ ਪ੍ਰਤੀ ਕਿਲੋ ਬੀਜ ਲਈ ਟ੍ਰਾਈਕੋਡਰਮਾ ਹਰਜੀਐਨਮ ਹੀ ਵਰਤੋ, ਕਿਸੇ ਤਰ੍ਹਾਂ ਦੀ ਹੋਰ ਉੱਲੀਨਾਸ਼ਕ ਜਿਵੇਂ ਕਿ ਥਾਇਓਫੀਨੇਟ ਮਿਥਾਇਲ, 12 : 63 ਆਦਿ ਦੀ ਵਰਤੋਂ ਨਾ ਕਰੋ ।

**ਤਣੇ ਦੁਆਲੇ ਪੱਤੇ ਦਾ ਝੁਲਸ ਰੋਗ** : ਇਸ ਬਿਮਾਰੀ ਨਾਲ ਤਣੇ ਉੱਤੇ ਸਲੇਟੀ ਰੰਗ ਦੇ ਧੱਬੇ ਜਿਨ੍ਹਾਂ ਦੇ ਸਿਰੇ



ਜਾਮਣੀ ਹੁੰਦੇ ਹਨ, ਪਾਣੀ ਦੀ ਸਤ੍ਹਾ ਤੋਂ ਉੱਪਰ ਪੈ ਜਾਂਦੇ ਹਨ । ਇਹ ਲੱਛਣ ਆਮ ਕਰਕੇ ਨਿਸਾਰੇ ਵੇਲੇ ਹੀ ਨਜ਼ਰ ਆਉਂਦੇ ਹਨ । ਇਸ ਬਿਮਾਰੀ ਦੇ ਵਧੇਰੇ ਹਮਲੇ ਕਰਕੇ ਮੁੰਜਰਾਂ 'ਚ ਦਾਣੇ ਪੂਰੇ ਨਹੀਂ ਬਣਦੇ । ਇਸ ਦੀ ਰੋਕਥਾਮ ਲਈ ਯੂਰੀਆ ਦੀ ਵਰਤੋਂ ਸਿਫਾਰਸ਼ ਅਨੁਸਾਰ ਹੀ ਕਰੋ, ਵੱਟਾਂ-ਬੰਨਿਆਂ ਨੂੰ ਘਾਹ ਤੋਂ ਰਹਿਤ ਰੱਖੋ । ਬਿਮਾਰੀ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਉਪਰੰਤ 200 ਮਿਲੀਲਿਟਰ ਐਮੀਸਟਾਰ ਟੌਪ 325 ਐੱਸ ਸੀ ਜਾਂ ਫੋਲੀਕਲ 25 ਈ ਸੀ. ਜਾਂ 150 ਮਿਲੀਲੀਟਰ ਪਲਸਰ/ਇਗਲੇਅਰ ਜਾਂ 80 ਗ੍ਰਾਮ ਨਟੀਵੋ 75 ਡਬਲਿਊ. ਜੀ. ਜਾਂ 200 ਮਿਲੀਲਿਟਰ ਮੌਨਸਰਨ 250 ਐੱਸ ਸੀ ਨੂੰ 200 ਲਿਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਚੰਗੀ ਰੋਕਥਾਮ ਲਈ ਛਿੜਕਾਅ ਬੂਟੇ ਦੇ ਮੁੱਢਾਂ ਵੱਲ ਰੱਖ ਕੇ ਕਰੋ । ਇਸ ਤੋਂ ਬਿਨਾਂ 400 ਮਿਲੀਲੀਟਰ ਗਲੀਲਿਓ ਵੇਅ 18.76 ਐੱਸ. ਸੀ. ਜਾਂ 200 ਮਿਲੀਲੀਟਰ ਟਿਲਟ/ਪੀਕਾਪੀਕਾ 25 ਈ.ਸੀ. ਪ੍ਰਤੀ ਏਕੜ ਦੀ ਵਰਤੋ ਝੋਨੇ (ਗੈਰ-ਬਾਸਮਤੀ) 'ਚ ਇਸ ਬਿਮਾਰੀ ਦੇ ਕਾਬੂ ਪਾਉਣ ਲਈ ਕਰ ਸਕਦੇ ਹੋ ।

**ਭੂਰੇ ਧੱਬਿਆਂ ਦਾ ਰੋਗ** : ਇਹ ਬਿਮਾਰੀ ਕਾਰਨ ਗੋਲ ਅੱਖ ਦੀ ਸ਼ਕਲ ਵਰਗੇ ਧੱਬੇ ਪੈ ਜਾਂਦੇ ਹਨ, ਜੋ ਕਿ ਵਿਚਕਾਰੋਂ ਗੂੜ੍ਹੇ ਭੂਰੇ ਅਤੇ ਬਾਹਰੋਂ ਹਲਕੇ ਭੂਰੇ ਰੰਗ ਦੇ ਹੁੰਦੇ ਹਨ । ਇਹ ਧੱਬੇ ਦਾਣਿਆਂ ਉੱਪਰ ਵੀ ਪੈ ਜਾਂਦੇ ਹਨ । ਇਹ



ਬਿਮਾਰੀ ਆਮ ਕਰਕੇ ਮਾੜੀਆਂ ਜ਼ਮੀਨਾਂ 'ਚ ਫਸਲ ਨੂੰ ਔੜ ਲੱਗਣ ਨਾਲ ਵਧੇਰੇ ਆਉਂਦੀ ਹੈ । ਇਸ ਦੀ ਚੰਗੀ ਰੋਕਥਾਮ ਲਈ ਖਾਦਾਂ ਦਾ ਸੰਤੁਲਨ ਬਣਾ ਕੇ ਫਸਲ ਨੂੰ ਪਾਇਆ ਜਾਵੇ । ਇਸ ਦੀ ਰੋਕਥਾਮ ਲਈ ਕੋਈ ਵੀ ਗੈਰ-ਸਿਫਾਰਸ਼ ਸ਼ੁਦਾ ਜ਼ਹਿਰ ਜਿਵੇਂ ਕਿ ਟ੍ਰਾਈਸਾਈਕਲਾਜੋਲ ਆਦਿ ਨਾ ਪਾਏ ਜਾਣ ਸਿਰਫ ਨਟੀਵੋ 75 ਡਬਲਿਊ. ਜੀ. 80 ਗ੍ਰਾਮ ਪ੍ਰਤੀ ਏਕੜ 200 ਲਿਟਰ ਪਾਣੀ 'ਚ ਘੋਲ ਕੇ ਦੋ ਵਾਰ ਛਿੜਕੋ । ਪਹਿਲਾ ਛਿੜਕਾਅ ਜਾੜ੍ਹ ਮਾਰਨ ਸਮੇਂ ਅਤੇ ਦੂਸਰਾ ਛਿੜਕਾਅ 15 ਦਿਨਾਂ ਪਿਛੋਂ ਕਰੋ ।

**ਭੁਰੜ ਰੋਗ** : ਪੱਤਿਆਂ ਉੱਪਰ ਸਲੇਟੀ ਰੰਗ ਦੇ ਧੱਬੇ ਪੈ ਜਾਂਦੇ ਹਨ, ਜੋ ਕਿ ਕਿਨਾਰਿਆਂ ਤੋਂ ਭੂਰੇ ਰੰਗ ਦੇ ਹੁੰਦੇ ਹਨ । ਇਸ ਨਾਲ ਮੁੰਜਰਾਂ ਦੇ ਮੁੱਢ 'ਤੇ ਕਾਲੇ ਦਾਗ ਪੈ ਜਾਂਦੇ ਹਨ ਅਤੇ ਮੁੰਜਰਾਂ ਹੇਠਾਂ ਵੱਲ ਝੁਕ ਜਾਂਦੀਆਂ ਹਨ । ਇਹ ਬਿਮਾਰੀ ਮੁੱਖ ਤੌਰ 'ਤੇ ਬਾਸਮਤੀ ਉੱਤੇ ਖਾਸ ਤੌਰ 'ਤੇ ਜਿੱਥੇ ਯੂਰੀਆ ਖਾਦ ਦੀ ਵਧੇਰੇ ਮਾਤਰਾ ਪਾਈ ਹੋਵੇ, ਉੱਥੇ ਵਧੇਰੇ ਆਉਂਦੀ ਹੈ । ਇਸ ਦੀ ਰੋਕਥਾਮ ਲਈ ਐਮੀਸਟਾਰ ਟੌਪ 325 ਐੱਸ.ਸੀ. 200 ਮਿਲੀਲੀਟਰ ਪ੍ਰਤੀ ਏਕੜ ਜਾਂ ਇੰਡੋਫਿਲ ਜੈੱਡ-78, 75 ਡਬਲਿਊ.ਜੀ. ਜਿਨੇਬ) 500 ਗ੍ਰਾਮ ਨੂੰ 200 ਲੀਟਰ ਪਾਣੀ ਪ੍ਰਤੀ ਏਕੜ 'ਚ ਘੋਲ ਦੇ ਫਸਲ ਗੋਭ 'ਚ ਆਉਣ 'ਤੇ ਅਤੇ ਮੁੰਜਰਾਂ ਨਿਕਲਣ ਦੇ ਸ਼ੁਰੂ 'ਚ ਕਰੋ ।

**ਝੂਠੀ ਕਾਂਗਿਆਰੀ** : ਇਸ ਬਿਮਾਰੀ ਨਾਲ ਦਾਣਿਆਂ ਦੀ ਥਾਂ ਪੀਲੇ ਤੋਂ ਹਰੇ ਰੰਗ ਦੀ ਧੂੜੇਦਾਰ ਉੱਲੀ ਦੇ ਗੋਲੇ ਜਿਹੇ



ਬਣ ਜਾਂਦੇ ਹਨ । ਇਸ ਦਾ ਮੁੱਖ ਕਾਰਨ ਫਸਲ ਨਿਸਰਨ ਸਮੇਂ ਮੀਂਹ, ਬੱਦਲਵਾਈ ਅਤੇ ਵਧੇਰੇ ਸਿੱਲ ਦਾ ਰਹਿਣਾ ਹੈ । ਇਸ ਦੀ ਰੋਕਥਾਮ ਲਈ ਜਦੋਂ ਫਸਲ ਗੋਭ 'ਚ ਹੋਵੇ 500 ਗ੍ਰਾਮ ਕੋਸਾਈਡ 46 ਡੀ.ਐਫ. (ਕਾਪਰ ਹਾਈਡ੍ਰੋਆਕਸਾਈਡ) ਨੂੰ 200 ਲੀਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ । ਗੈਰ ਬਾਸਮਤੀ ਭਾਵ ਝੋਨੇ 'ਚ ਇਸ ਦੀ ਰੋਕਥਾਮ ਉੱਪਰ ਦਰਸਾਏ ਅਨੁਸਾਰ ਗਲੀਲਿਓ ਵੇਅ 400 ਮਿਲੀਲੀਟਰ ਪ੍ਰਤੀ ਏਕੜ ਨਾਲ ਕਰ ਸਕਦੇ ਹੋ ।

**ਬਾਸਮਤੀ ਦੀ ਫਸਲ 'ਚ ਪਾਬੰਦੀਸ਼ੁਦਾ 10 ਜ਼ਹਿਰਾਂ ਦੀ ਵਰਤੋਂ ਬਾਰੇ** : ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਬਾਸਮਤੀ ਦੀ ਫਸਲ ਉੱਪਰ ਕੁਝ ਜ਼ਹਿਰਾਂ ਦੀ ਵਰਤੋਂ 'ਤੇ ਪੂਰਨ ਪਾਬੰਦੀ ਲਗਾਈ ਗਈ ਹੈ । ਪੰਜਾਬ ਰਾਈਸ ਮਿੱਲਰਜ਼ ਐਂਡ ਐਕਸਪੋਰਟਰਜ਼ ਐਸੋਸੀਏਸ਼ਨ ਨੇ ਪੰਜਾਬ ਦੀ ਵਿਰਾਸਤੀ ਬਾਸਮਤੀ ਉਪਜ ਨੂੰ ਬਚਾਉਣ ਅਤੇ ਬਾਸਮਤੀ ਚੌਲਾਂ ਦੀ ਦੂਜੇ ਦੇਸ਼ਾਂ ਨੂੰ ਨਿਰਯਾਤ ਨੂੰ ਯਕੀਨੀ ਬਣਾਉਣ ਲਈ, ਇਨ੍ਹਾਂ ਖੇਤੀ ਰਸਾਇਣਾਂ 'ਤੇ ਪਾਬੰਦੀ ਦੀ ਗੱਲ ਕੀਤੀ ਹੈ, ਜਿਸ 'ਚ ਪੰਜਾਬ ਸਰਕਾਰ ਦੀ ਤਰਜ਼ 'ਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਪਾਬੰਦੀਸ਼ੁਦਾ ਕੀਟਨਾਸ਼ਕਾਂ 'ਚ ਐਸੀਫੇਟ, ਬੁਪਰੋਫੇਜ਼ਿਨ, ਕਲੋਰਪਾਈਰੀਫੌਸ, ਹੈਕਸਾਕੋਨਾਜ਼ੋਲ, ਪ੍ਰੋਪੀਕੋਨਾਜ਼ੋਲ, ਥਿਆਮੇਥੋਕਸਮ, ਪ੍ਰੋਫੇਨੋਫੋਸ, ਇਮੀਡਾਕਲੋਪ੍ਰਿਡ, ਕਾਰਬੈਂਡਾਜ਼ਿਮ ਅਤੇ ਟ੍ਰਾਈਸਾਈਕਲਾਜ਼ੋਲ ਸ਼ਾਮਿਲ ਹਨ । ਇਸ ਲਈ ਕਿਸਾਨ ਵੀਰਾਂ ਨੂੰ ਬੇਨਤੀ ਹੈ ਕਿ ਇਨ੍ਹਾਂ ਜ਼ਹਿਰਾਂ ਦੀ ਵਰਤੋਂ ਅਗਸਤ-ਸਤੰਬਰ ਅਤੇ ਅਕਤੂਬਰ ਮਹੀਨੇ 'ਚ ਬਾਸਮਤੀ ਉੱਪਰ ਬਿਲਕੁਲ ਨਾ ਕੀਤੀ ਜਾਵੇ, ਸਗੋਂ ਇਨ੍ਹਾਂ ਦੀ ਬਜਾਏ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਿਫਾਰਸ਼ਸ਼ੁਦਾ ਜ਼ਹਿਰ ਹੀ ਵਰਤੇ ਜਾਣ ਤਾਂ ਜੋ ਪੰਜਾਬ ਦੀ ਬਾਸਮਤੀ ਨੂੰ ਵਿਸ਼ਵ ਪੱਧਰ 'ਤੇ ਹੋਰ ਵਧੀਆ ਬਣਾ ਕੇ ਚੰਗਾ ਮੁਨਾਫਾ ਕਮਾਇਆ ਜਾ ਸਕੇ ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 35
ਮਿਤੀ 31-08-2024

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਪੌਦ ਸੁਰੱਖਿਆ ਲਈ ਸਪਰੇਅ ਤਕਨਾਲੋਜੀ


ਬੀ ਕੇ ਕੰਗ ਅਤੇ ਸਮਰਿਤੀ ਸ਼ਰਮਾ, ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 950 16-88566)




ਸਪਰੇਅ ਪੰਪ ਦੇ ਤਿੰਨ ਬੁਨਿਆਦੀ ਹਿੱਸੇ ਹੁੰਦੇ ਹਨ। ਸਪਰੇਅ ਤਰਲ ਨੂੰ ਇਕ ਟੈਂਕ ਵਿਚ ਰੱਖਿਆ ਜਾਂਦਾ ਹੈ। ਜਿੱਥੇ ਇਸਨੂੰ 'ਪੰਪ' ਦੁਆਰਾ 'ਨੋਜ਼ਲ' ਵਿਚ ਭੇਜਿਆ ਜਾਂਦਾ ਹੈ, ਸਪਰੇਅ ਨੋਜ਼ਲ ਦਾ ਕੰਮ ਕੀਟਨਾਸ਼ਕ ਨੂੰ ਚੰਗੀ ਤਰ੍ਹਾਂ ਫੈਲਾਉਣ ਲਈ ਦਬਾਅ ਨਾਲ ਕਰਨ ਸਪਰੇਅ ਨੂੰ ਬੂੰਦਾਂ ਵਿਚ ਬਦਲਦਾ ਹੈ। ਇਸ ਲਈ ਨੋਜ਼ਲ ਦੀ ਸਹੀ ਕਿਸਮ ਅਤੇ ਆਕਾਰ ਦੀ ਚੋਣ ਕਰਨਾ ਜ਼ਰੂਰੀ ਹੈ। ਨੋਜ਼ਲ ਕਿਸੇ ਖੇਤਰ 'ਤੇ ਲਾਗੂ ਕੀਤੇ ਗਏ ਸਪਰੇਅ ਦੀ ਮਾਤਰਾ, ਛਿੜਕਾਅ ਦੀਆਂ ਤਕਨੀਕਾਂ, ਸਪਰੇਅ ਕੀਤੀ ਸਤਹ ਦੀ ਕਵਰੇਜ ਅਤੇ ਵਹਿਣ ਦੀ ਮਾਤਰਾ ਨੂੰ ਨਿਰਧਾਰਿਤ ਕਰਦੀ ਹੈ। ਪ੍ਰਤੀ ਹੈਕਟੇਅਰ ਲੋੜੀਂਦੀ ਸਪਰੇਅ ਦੀ ਮਾਤਰਾ ਦੇ ਆਧਾਰ 'ਤੇ ਕੰਮ ਵਾਲੇ ਔਜ਼ਾਰ ਤਿੰਨ ਤਰ੍ਹਾਂ ਦੇ ਹੁੰਦੇ ਹਨ :

★ **ਉੱਚ ਮਾਤਰਾ** : 150 1/ha ਤੋਂ ਵੱਧ। ਇਹ ਕੀਟਨਾਸ਼ਕਾਂ, ਉੱਲੀਨਾਸ਼ਕਾਂ ਅਤੇ ਨਦੀਨ ਨਾਸ਼ਕਾਂ ਲਈ ਸਹੀ ਹੈ। ਇਹ ਸਪਰੇਅ ਪਿੱਠੂ ਸਪਰੇਅਰਾਂ, ਟਰੈਕਟਰ ਵਾਲੇ ਸਪ੍ਰੇਅਰਾਂ ਆਦਿ ਨਾਲ ਕੀਤੀ ਜਾ ਸਕਦੀ ਹੈ।

★ **ਘੱਟ ਮਾਤਰਾ** : 10-150 1/ha ਇਹ ਕੀਟਨਾਸ਼ਕਾਂ ਅਤੇ ਉੱਲੀਨਾਸ਼ਕਾਂ ਲਈ ਸਹੀ ਹੈ। ਮੋਟਰਾਈਜ਼ਡ ਨੈਪਸੈਕ ਸਪਰੇਅਰ, ਏਅਰ ਕਰਾਫਟ, ਘੱਟ ਆਰ. ਪੀ. ਐਮ. ਨਾਲ ਕੀਤੀ ਜਾ ਸਕਦੀ ਹੈ, ਜਿਵੇਂ ਸਪਿਨਿੰਗ ਡਿਸਕ ਆਦਿ।

★ **ਯੂ. ਐੱਲ. ਵੀ.** : ਲਗਭਗ 1-5 1/ha ਇਹ ਕੀਟਨਾਸ਼ਕਾਂ ਲਈ ਸਹੀ ਹੈ। ਉੱਚ ਆਰ. ਪੀ. ਐਮ. ਨਾਲ ਕੀਤਾ ਜਾ ਸਕਦਾ ਹੈ। ਸਪਿਨਿੰਗ ਡਿਸਕ ਉਪਕਰਣ, ਵਿਸ਼ੇਸ਼ ਸਪਿਨਿੰਗ ਡਿਸਕ, ਇਲੈਕਟ੍ਰੋਸਟੈਟਿਕ ਸਪਰੇਅਰ ਅਤੇ ਏਅਰ ਕਰਾਫਟ ਆਦਿ ਨਾਲ ਫਿੱਟ ਮੋਟਰਾਈਜ਼ਡ ਨੈਪਸੈਕ ਸਪਰੇਅਰ।

**ਆਮ ਤੌਰ ਤੇ ਵਰਤੇ ਜਾਂਦੇ ਨੋਜ਼ਲ :**

**ਠੋਸ ਕੋਨ ਨੋਜ਼ਲ** : ਇਹ ਨੋਜ਼ਲ ਇਕ ਠੋਕ ਮੋਨ ਸਪਰੇਅ ਪੈਟਰਨ ਪੈਦਾ ਕਰਦੇ ਹਨ ਅਤੇ ਲਾਅਨ ਵਿਚ ਸਪਰੇਅ ਕਰਨ ਲਈ ਵਰਤੇ ਜਾਂਦੇ ਹਨ ਕਿਉਕਿ ਇਹ ਪੂਰੇ ਖੇਤਰ ਵਿਚ ਇੱਕੋ ਜਿਹੇ ਪ੍ਰਭਾਵੀ ਹੁੰਦੇ ਹਨ।

**ਹੌਲੋ-ਕੋਨ ਨੋਜ਼ਲ** : ਆਮ ਤੌਰ 'ਤੇ ਇਹ ਨੋਜ਼ਲ ਕੀਟਨਾਸ਼ਕਾਂ ਅਤੇ ਉੱਲੀਨਾਸ਼ਕਾਂ ਦੇ ਛਿੜਕਾਅ ਲਈ ਵਰਤੇ ਜਾਂਦੇ ਹਨ। ਸਪਰੇਅ ਦਾ ਪੈਟਰਲ ਖੋਖਲੇ ਕੋਲ ਜਾਂ ਰਿੰਗ ਕਿਸਮ ਦੇ ਸਪਰੇਅ ਪੈਟਰਨ ਬਣਾਉਣ ਲਈ ਟੇਪਰਡ ਕਿਨਾਰਿਆਂ ਨਾਲ ਗੋਲਾਕਾਰ ਹੁੰਦਾ ਹੈ।



**ਟ੍ਰਿਪਲ-ਐਕਸ਼ਨ ਨੋਜ਼ਲ** : ਇਹ ਨੋਜ਼ਲ ਤਿੰਨ ਕਿਸਮ ਦੇ ਸਪਰੇਅ ਪੈਟਰਨ ਜਿਵੇਂ ਕਿ ਇੱਕ ਜੈੱਟ, ਇੱਕ ਠੋਸ ਕੋਨ ਅਤੇ ਇੱਕ ਖੋਖਲਾ ਕੋਨ ਪੈਦਾ ਕਰ ਸਕਦੇ ਹਨ। ਇਹ ਉੱਚ ਮਾਤਰਾ ਅਤੇ ਘੱਟ ਮਾਤਰਾ ਦੀ ਸਪਰੇਅ ਲਈ ਵਰਤਿਆ ਜਾਂਦਾ ਹੈ।

**ਫਲੈਟ-ਫੈਨ ਨੋਜ਼ਲ** : ਇਹ ਨੋਜ਼ਲ ਇੱਕ ਸਿੱਧੀ ਸ਼ੀਟ ਦੇ ਰੂਪ ਵਿਚ ਇੱਕ ਸਪਰੇਅ ਪੈਟਰਨ ਬਣਾਉਂਦਾ ਹੈ ਅਤੇ ਨਦੀਨ ਨਾਸ਼ਕਾਂ ਦੇ ਛਿੜਕਾਅ ਲਈ ਵਰਤਿਆ ਜਾਂਦਾ ਹੈ। ਇਹ ਸਪਰੇਅ ਪੈਟਰਨ ਨੂੰ ਬੂਮ 'ਤੇ ਵਰਤਣ ਲਈ ਤਿਆਰ ਕੀਤਾ ਗਿਆ ਹੈ।

**ਫਲੱਡ-ਜੈੱਟ ਨੋਜ਼ਲ** : ਇਹ ਨੋਜ਼ਲ ਇੱਕ ਵਾਈਡ-ਐਂਗਲ ਫਲੈਟ ਸਪਰੇਅ ਪੈਟਰਨ ਬਣਾਉਂਦਾ ਹੈ। ਇਹ ਹੋਰ ਨੋਜ਼ਲਾਂ ਨਾਲੋਂ ਘੱਟ ਦਬਾਅ 'ਤੇ ਕੰਮ ਕਰਦਾ ਹੈ। ਇਹ ਚੌੜਾਈ ਵਿਚ ਕਾਫੀ ਇਕਸਾਰ ਹੈ ਅਤੇ ਇਸਦੀ ਵਰਤੋਂ ਨਦੀਨ ਨਾਸ਼ਕਾਂ ਅਤੇ ਖਾਦ ਦੇ ਘੋਲ ਦੇ ਛਿੜਕਾਅ ਲਈ ਕੀਤੀ ਜਾਂਦੀ ਹੈ।

## ਸਪਰੇਅ ਦੀਆਂ ਕਿਸਮਾਂ

**ਹੱਥੀਂ ਵਰਤੋਂ ਵਾਲਾ ਨੈਪਸੈਕ ਸਪਰੇਅਰ**

ਇਹ ਸਪਰੇਅਰ ਲਗਾਤਾਰ ਦਬਾਓ ਬਣਾਈ ਰੱਖਣ ਲਈ ਹੈਂਡ ਲੀਵਰ ਨਾਲ ਕੰਮ ਕਰਕੇ ਟੈਂਕ ਦੇ ਮਕੈਨੀਕਲ ਜਾਂ ਹਾਈਡ੍ਰੌਲਿਕ ਹਿਲਾਉਣ ਨਾਲ ਚਲਾਇਆ ਜਾਂਦਾ ਹੈ। ਇਹ ਵਿਸ਼ੇਸ਼ ਤੌਰ 'ਤੇ ਛੋਟੇ ਖੇਤਰ ਵਿਚ ਕਿਸਾਨਾਂ ਦੁਆਰਾ ਵਰਤਿਆ ਜਾਂਦਾ ਹੈ। ਇਹ ਸਪਰੇਅ ਮਨੁੱਖ ਦੀ ਪਿੱਠ 'ਤੇ ਟੰਗੇ ਜਾਂਦੇ ਹਨ।

**ਕੰਪਰੈੱਸਡ ਸਿਸਟਮ ਨੈਪਸੈਕ ਸਪਰੇਅਰ / ਨਿਊਮੈਟਿਕ ਸਪਰੇਅਰ**

ਇਸ ਵਿਚ ਕੰਪਰੈੱਸਡ ਹਵਾ (ਦਬਾਅ ਵਾਲੀ ਹਵਾ) ਦੇ ਨਾਲ ਸਪਰੇਅ ਨੂੰ ਰੱਖਣ ਲਈ ਇਹ ਪੰਪ ਵਰਤਿਆ ਜਾਂਦਾ ਹੈ। ਇਸ ਵਿਚ ਟੈਂਕ ਦੀ ਸਮਰੱਥਾ ਦੇ ਤਿੰਨ-ਚੌਥਾਈ ਤੱਕ ਤਰਲ ਸਪਰੇਅ ਭਰੀ ਹੁੰਦੀ ਹੈ ਅਤੇ ਬਾਕੀ ਥਾਂ ਵਿਚ ਹਵਾ ਦਾ ਦਬਾਅ ਪੈਦਾ ਕਰਦਾ ਹੈ। ਇਹ ਜ਼ਿਆਦਾਤਰ ਬਾਗਾਂ, ਛੋਟੇ ਖੇਤਾਂ, ਪਸ਼ੂਆਂ ਅਤੇ ਪੋਲਟਰੀ ਫਾਰਮਾਂ ਵਿਚ ਵਰਤਿਆ ਜਾਂਦਾ ਹੈ। ਸਪਰੇਅ ਸ਼ੁਰੂ ਕਰਨ ਤੋਂ ਪਹਿਲਾਂ ਕੰਪਰੈਸ਼ਨ ਸਪਰੇਅਰਾਂ ਨੂੰ ਪੰਪ ਕਰਕੇ ਦਬਾਇਆ ਜਾਂਦਾ ਹੈ। ਇਸ ਦੀ ਵਰਤੋਂ ਕਰਕੇ ਕਾਮਾ ਨੋਜ਼ਲ ਨੂੰ ਸਪਰੇਅ 'ਤੇ ਨਿਰਦੇਸ਼ਿਤ ਕਰਨ ਵੱਲ ਵਧੇਰੇ ਧਿਆਨ ਦੇ ਸਕਦਾ ਹੈ। ਛਿੜਕਾਅ ਦਾ ਦਬਾਅ ਕੁਝ ਸਮੇਂ ਬਾਅਦ ਘੱਟ ਜਾਂਦਾ ਹੈ ਜਿਸਦਾ ਨਤੀਜਾ ਇਹ ਹੁੰਦਾ ਹੈ ਕਿ ਇਕਸਾਰ ਸਪਰੇਅ ਨਹੀਂ ਹੁੰਦੀ ਹੈ। ਟੈਂਕ ਦੀ ਸਫਾਈ ਵੀ ਇੱਕ ਚੁਣੌਤੀਪੂਰਨ ਕੰਮ ਹੈ।

**ਬੈਟਰੀ ਨਾਲ ਚੱਲਣ ਵਾਲਾ ਨੈਪਸੈਕ ਸਪਰੇਅਰ**

ਇਸ ਪਿੱਠੂ ਪੰਪ ਵਿਚ ਸਪਰੇਅ ਤਰਲ ਨੂੰ ਛਿੜਕਾਅ ਕਰਨ



ਲਈ ਜਿਹੜੀ ਪਾਵਰ ਚਾਹੀਦੀ ਹੈ ਉਹ ਹੱਥਾਂ ਦੇ ਜ਼ੋਰ ਨਾਲ ਨਹੀਂ ਸਗੋਂ ਬੈਟਰੀ ਜਾਂ ਮੋਟਰ ਤੋਂ ਲਈ ਜਾਂਦੀ ਹੈ। ਇੰਜਨ ਦੀ ਤਾਕਤ 1.2-3 ਹੌਰਸ ਪਾਵਰ ਦੀ ਹੁੰਦੀ ਹੈ।

**ਟਰੈਕਟਰ ਮਾਊਂਟਡ ਸਪਰੇਅਰ**

ਇਹ ਸਪਰੇਅਰ ਮਲਟੀ ਨੋਜ਼ਲ ਬੂਮ ਨਾਲ ਫਿੱਟ ਕੀਤੇ ਗਏ ਹਨ ਅਤੇ ਕਿਸਾਨਾਂ ਦੀ ਵੱਡੇ ਪੱਧਰ ਲਈ ਕੀਟਨਾਸ਼ਕਾਂ ਦੀ ਵਰਤੋਂ ਵਿਚ ਬਹੁਤ ਉਪਯੋਗੀ ਹਨ। ਟਰੈਕਟਰ ਵਿਚ ਲੱਗੇ ਬੂਮ ਨਾਲ ਫਿਟ ਕੀਤੇ ਜਾਂਦੇ ਹਨ। ਇਹ ਛਿੜਕਾਅ ਵਿਚ ਚੰਗੀ ਤਰ੍ਹਾਂ ਇਕਸਾਰ ਪ੍ਰਦਾਨ ਕਰਦੇ ਹਨ।

**ਇਲੈਕਟ੍ਰੋਸਟੈਟਿਕ ਸਪਰੇਅਰ**

ਖੇਤਾਂ ਵਿਚ ਸਪਰੇਅਰ ਦੀ ਮਾਤਰਾ ਨੂੰ ਘਟਾਉਣ ਲਈ ਅਤੇ ਸਪਰੇਅ ਦੀ ਸਟੀਕਤਾ ਨੂੰ ਵਧੀਆ ਬਣਾਉਣ ਦੀ ਜ਼ਰੂਰਤ ਨੇ ਇਲੈਕਟ੍ਰੋਸਟੈਟਿਕ ਸਪਰੇਅਰ ਦੀ ਖੋਜ ਕੀਤੀ ਹੈ। ਇਲੈਕਟ੍ਰੋਸਟੈਟਿਕ ਸਪਰੇਅਰ ਦੇ ਕਈ ਫਾਇਦੇ ਹਨ। ਸਪਰੇਅ ਜਮ੍ਹਾ ਕਰਨ ਵਿਚ ਸੁਧਾਰ, ਸਪਰੇਅ ਦੀ ਲਾਗਤ ਅਤੇ ਸਮਾਂ ਘਟਾਉਣਾ, ਪ੍ਰਤੀ ਦਿਨ ਛਿੜਕਾਅ ਕਰਨ ਵਾਲੇ ਖੇਤਰ ਵਿਚ ਵਾਧਾ, ਰਸਾਇਣਾਂ ਦੇ ਨਾਲ ਕਾਮੇ ਦੇ ਸੰਪਰਕ ਵਿਚ ਕਮੀ ਆਦਿ।

# ਕਿਸਾਨ ਮੇਲੇ ਹਨ ਗਿਆਨ ਮੇਲੇ



**ਲੁਧਿਆਣੇ ਵਾਲਾ ਮੇਲਾ 13-14 ਸਤੰਬਰ ਨੂੰ ਹੋ ਰਿਹਾ ਹੈ । ਜੇਕਰ ਕਿਸੇ ਕਾਰਨ ਇਥੇ ਨਾ ਆਇਆ ਜਾ ਸਕੇ ਤਾਂ ਆਪਣੇ ਇਲਾਕੇ ਵਿਚ ਲੱਗਣ ਵਾਲੇ ਮੇਲੇ ਵਿਚ ਜਰੂਰ ਜਾਵੋ**

ਸਤੰਬਰ ਅਤੇ ਮਾਰਚ ਦੇ ਮਹੀਨਿਆਂ ਨੂੰ ਗਿਆਨ ਦੇ ਮਹੀਨੇ ਮੰਨਿਆ ਜਾਂਦਾ ਹੈ ਕਿਉਕਿ ਇਨ੍ਹਾ ਮਹੀਨਿਆਂ ਵਿਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਲੋਂ ਕਿਸਾਨ ਲਈ ਲਗਾਏ ਜਾਂਦੇ ਗਿਆਨ ਮੇਲਿਆਂ ਵਿਚ ਲੱਖਾਂ ਦੀ ਗਿਣਤੀ ਮੰਦਿਰ ਦੀ ਜ਼ਿਆਰਤ ਲਈ ਆਉਂਦੇ ਹਨ ਅਤੇ ਇੱਥੋਂ ਆਪਣੀ ਖੇਤੀ ਵਿਚ ਸੁਧਾਰ ਲਈ ਨਵਾਂ ਗਿਆਨ ਅਤੇ ਬੀਜ ਲੈ ਕੇ ਜਾਂਦੇ



ਡਾ. ਰਣਜੀਤ ਸਿੰਘ

ਹਨ । ਭਾਰਤ ਦੀ ਹੀ ਨਹੀਂ ਸਗੋਂ ਸੰਸਾਰ ਦੀ ਕਿਸੇ ਵੀ ਹੋਰ ਖੇਤੀ ਨਾਲ ਸੰਬੰਧਿਤ ਸੰਸਥਾ ਦੇ ਕਿਸਾਨਾਂ ਨਾਲ ਇਤਨੇ ਨੇੜੇ ਦੇ ਸਬੰਧ ਨਹੀਂ ਹਨ । ਇਸ ਸੰਸਥਾ ਨੇ 62 ਸਾਲ ਪੂਰੇ ਕਰ ਲਏ ਹਨ । ਇਸੇ ਵਿਚੋਂ ਹੀ ਹਰਿਆਣਾ ਤੇ ਹਿਮਾਚਲ ਸਮੇਤ ਛੇ ਹੋਰ ਯੂਨੀਵਰਸਿਟੀਜ਼ ਹੋਰ ਯੂਨੀਵਰਸਿਟੀਜ਼ ਹੋਂਦ ਵਿਚ ਆਈਆਂ ਹਨ । ਇਹ ਯੂਨੀਵਰਸਿਟੀ 1962 ਵਿਚ ਬਣਾਈ ਗਈ ਸੀ ਤੇ ਉਦੋਂ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਇਸ ਦਾ ਰਸਮੀਂ ਉਦਘਾਟਨ 8 ਜੁਲਾਈ 1963 ਨੂੰ ਕੀਤਾ । ਇੱਥੋਂ ਦੇ ਪ੍ਰਬੰਧਕਾਂ, ਵਿਗਿਆਨੀਆਂ ਅਤੇ ਉਦੋਂ ਦੇ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਯਤਨਾਂ ਸਦਕਾ ਦੇਸ਼ ਦੀਆਂ ਖੇਤੀ ਯੂਨੀਵਰਸਿਟੀਜ਼ ਵਿਚ ਇਸ ਦਾ ਪਹਿਲਾ ਹੀ ਸਥਾਨ ਰਿਹਾ ਹੈ । ਇਸ ਸਮੇਂ ਦੇਸ਼ ਵਿਚ 75 ਖੇਤੀ ਯੂਨੀਵਰਸਿਟੀਜ਼ ਹਨ ਤੇ ਇਸ ਵਾਰ ਫਿਰ ਤੁਹਾਡੀ ਯੂਨੀਵਰਸਿਟੀ ਨੇ ਨੈਸ਼ਨਲ ਇੰਸਟੀਚਿਊਟਸ਼ਲ ਰੈਕਿੰਗ ਫਰੇਮ ਵਰਕ ਵੱਲੋਂ ਸਾਲ 2024 ਦਾ ਦਰਜਾਬੰਦੀ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ । ਮੁੱਖ ਫਸਲਾਂ ਸਬੰਧੀ ਕੀਤੀ ਖੋਜ ਲਈ ਤਾਂ ਇਹ ਸੰਸਥਾ ਪ੍ਰਸਿੱਧ ਹੀ ਹੈ ਪਰੰਤੂ ਚਾਰੇ ਦੀਆਂ ਫਸਲਾਂ ਸਬੰਧੀ ਖੋਜ ਲਈ ਭਾਰਤੀ ਖੇਤੀ ਖੋਜ ਪਰਿਸ਼ਦ ਵੱਲੋਂ ਇਸ ਨੂੰ ਸਭ ਤੋਂ ਵਧੀਆ ਐਲਾਨਿਆ ਗਿਆ ਹੈ । ਇਕ ਵਰ੍ਹੇ ਵਿਚ ਹੀ ਚਾਰੇ ਦੀਆਂ ਫਸਲਾਂ ਵਿਚ 7 ਨਵੀਆਂ ਕਿਸਮਾਂ ਕਾਸ਼ਤ ਲਈ ਦਿੱਤੀਆਂ ਗਈਆਂ ਹਨ । ਬਾਜਰੇ ਦੀ ਇਕ ਕਿਸਮ ਪੀ ਸੀ ਬੀ 166 ਵਿਕਸਤ ਕੀਤੀ ਗਈ ਹੈ ਜਿਹੜੀ ਸਾਰੇ ਰੋਗਾਂ ਦਾ ਟਾਕਰਾਂ ਵੀ ਕਰ ਸਕਦੀ ਹੈ ਅਤੇ ਇਸ ਦੇ ਦਾਣਿਆਂ ਦਾ ਝਾੜ 16 ਕੁਇੰਟਲ ਪ੍ਰਤੀ ਏਕੜ ਤੋਂ ਵੱਧ ਹੈ । ਇਸੇ ਤਰ੍ਹਾਂ ਜਵੀ ਪੀ ਓ ਐੱਲ 13 ਕਿਸਮ 13 ਕੁਇੰਟਲ ਤੋਂ ਵੀ ਵੱਧ ਦਾਣਿਆਂ ਦਾ ਝਾੜ ਦਿੰਦੀ ਹੈ । ਅਜ਼ਾਦੀ ਦਿਹਾੜੇ ਪੰਜਾਬ ਸਰਕਾਰ ਵੱਲੋਂ ਸਭ ਤੋਂ ਸਾਫ ਸੁਥਰੀ ਤੇ ਸੁੰਦਰ ਦਿਖ ਵਾਲੀ ਸੰਸਥਾ ਮੰਨਦਿਆਂ ਹੋਇਆਂ ਆਪਣਾ ਸ਼ਹੀਦ ਭਗਤ ਸਿੰਘ ਪੁਰਸਕਾਰ ਇਸੇ ਸੰਸਥਾ ਨੂੰ ਪ੍ਰਦਾਨ ਕੀਤਾ ਹੈ । ਇਸ ਸੰਸਥਾ ਨੇ ਜਿਥੇ ਵਧੀਆ ਖੋਜ, ਪੜ੍ਹਾਈ ਅਤੇ ਪਸਾਰ ਦੇ ਕਾਰਜ ਕੀਤੇ ਹਨ ਉਥੇ ਆਪਣੀ ਦਿਖ ਨੂੰ ਸੁੰਦਰ ਬਣਾਉਣ ਲਈ ਰੁੱਖਾਂ ਅਤੇ ਫੁੱਲਾਂ ਨਾਲ ਸ਼ਿੰਗਾਰਿਆ ਹੈ । ਇੱਥੋਂ ਤੱਕ ਕਿ ਹਰੇਕ ਰਿਹਾਇਸ਼ੀ ਘਰ ਵਿਚ ਫਲਦਾਰ ਬੂਟੇ ਲਗਾਏ ਗਏ ਹਨ ।

ਯੂਨੀਵਰਸਿਟੀ ਦੇ ਅੰਦਰਲਾ ਤਾਪਮਾਨ ਬਾਹਰਲੇ ਤਾਪਮਾਨ ਤੋਂ ਹਮੇਸ਼ਾਂ ਦੋ ਡਿਗਰੀ ਘੱਟ ਹੀ ਹੁੰਦਾ ਹੈ । ਇਸ ਨੂੰ ਮੁੜ ਸ਼ਿੰਗਾਰਨ ਦਾ ਕੰਮ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਦੀ ਅਗਵਾਈ ਹੇਠ ਅਰੰਭਿਆ ਗਿਆ ਹੈ । ਇਸ ਵਾਰ ਕਿਸਾਨ ਭੈਣੋਂ ਤੇ ਭਰਾਵੋ ਕਿਸਾਨ ਮੇਲੇ ਉੱਤੇ ਮੁੜ ਤੋਂ ਸ਼ਿੰਗਾਰੀ ਗਈ ਇਹ ਸੰਸਥਾ ਤੁਹਾਨੂੰ ਉਡੀਕ ਰਹੀ ਹੈ । ਇਸ ਸੰਸਥਾ ਨੇ ਜਿਥੇ ਵਿਗਿਆਨਕ ਦ੍ਰਿਸ਼ਟੀ ਪ੍ਰਦਾਨ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ ਉਥੇ ਹੀ ਪੰਜਾਬੀਆਂ ਵਿਚ ਆਪਣੇ ਘਰਾਂ ਤੇ ਖੇਤਾਂ ਨੂੰ ਫੁੱਲ ਬੂਟਿਆਂ ਤੇ ਰੁੱਖਾਂ ਨਾਲ ਸ਼ਿੰਗਾਰਨ ਲਈ ਵੀ ਉਤਸ਼ਾਹਿਤ ਕੀਤਾ ਹੈ । ਯੂਨੀਵਰਸਿਟੀ ਵੱਲੋਂ ਕੀਤੇ ਗਏ ਫੈਸਲੇ ਅਨੁਸਾਰ ਇਥੇ ਦਾਖਲ ਹੋਣ ਵਾਲਾ ਹਰੇਕ ਵਿਦਿਆਰਥੀ ਇਕ ਰੁੱਖ ਲਗਾਏਗਾ ਅਤੇ ਜਿਤਨਾ ਸਮਾਂ ਉਹ ਯੂਨੀਵਰਸਿਟੀ ਵਿਚ ਰਹੇਗਾ ਰੁੱਖ ਦੀ ਸਾਂਭ-ਸੰਭਾਲ ਉਸ ਦੀ ਜ਼ੁੰਮੇਵਾਰੀ ਹੋਵੇਗੀ । ਕਿਸਾਨ ਭਰਾਵੋ ਤੁਸੀਂ ਵੀ ਇਸ ਤੋਂ ਪ੍ਰੇਰਨਾ ਲਵੋ ਅਤੇ ਆਪਣੇ ਪਿੰਡ ਵਿਚ ਹਰੇਕ ਪਰਿਵਾਰ ਵੱਲੋਂ ਇਕ ਰੁੱਖ ਲਗਾਉਣ ਤੇ ਉਸ ਦੀ ਸਾਂਭ-ਸੰਭਾਲ ਕਰਨ ਦਾ ਫੈਸਲਾ ਕਰੋ । ਇੰਝ ਪੰਜਾਬ ਮੁੜ ਹਰਾ ਭਰਾ ਹੋ ਜਾਵੇਗਾ ਅਤੇ ਵੱਧ ਰਹੀ ਤਪਸ਼ ਨੂੰ ਠੱਲ ਪਾਈ ਜਾ ਸਕੇਗੀ ਕਿਉਕਿ ਇਸਦਾ ਸਭ ਤੋ ਵੱਧ ਨੁਕਸਾਨ ਕਿਸਾਨਾਂ ਨੂੰ ਹੀ ਹੁੰਦਾ ਹੈ ।

ਯੂਨੀਵਰਸਿਟੀ ਵੱਲੋਂ ਤੁਹਾਡੀ ਸੇਵਾ ਲਈ ਕੁੱਝ ਨਵੇਂ ਉਪਰਾਲੇ ਕਰਨ ਦਾ ਫੈਸਲਾ ਕੀਤਾ ਗਿਆ ਹੈ ਜਿਨ੍ਹਾਂ ਬਾਰੇ ਜਾਣਕਾਰੀ ਤੁਹਾਡੇ ਨਾਲ ਸਾਂਝੀ ਕੀਤੀ ਜਾ ਰਹੀ ਹੈ । ਯੂਨੀਵਰਸਿਟੀ ਵਿਖੇ ਸਮਾਰਟ ਖੇਤੀਬਾੜੀ ਲਈ ਡਿਜੀਟਲ ਤਕਨਾਲੋਜੀ ਪਾਰਕ ਸਥਾਪਿਤ ਕੀਤੀ ਜਾ ਰਹੀ ਹੈ । ਇਸ ਵਿਚ ਸੈਂਸਰ ਅਧਾਰਿਤ ਸਵੈਚਾਲਿਤ ਸਿੰਚਾਈ ਪ੍ਰਬੰਧ, ਸਵੈਚਾਲਿਤ ਮੌਸਮ ਕੇਂਦਰ, ਖੇਤੀ ਵਿਚ ਡਰੋਨ ਦੀ ਵਰਤੋਂ, ਮਸ਼ੀਨ ਸਿਖਲਾਈ ਅਧਾਰਿਤ ਸੂਖਮ ਸਹਿਯੋਗੀ ਪ੍ਰਬੰਧ ਆਦਿ ਸ਼ਾਮਿਲ ਕੀਤਾ ਜਾਵੇਗਾ । ਮੌਸਮੀ ਤਬਦੀਲੀ ਦਾ ਮੁਕਾਬਲਾ ਕਰਨ ਵਾਲੀਆਂ ਫਸਲਾਂ ਦੀਆਂ ਕਿਸਮਾਂ ਵਿਕਸਤ ਕਰਨ ਦੇ ਕਾਰਜ ਵਿਚ ਵੀ ਯੂਨੀਵਰਸਿਟੀ ਨੂੰ ਤੇਜ਼ੀ ਲਿਆਉਣ ਦੀ ਲੋੜ ਹੈ । ਪੰਜਾਬ ਵਿਚ ਫਸਲਾਂ ਦੇ ਨਾੜ ਨੂੰ ਸੰਭਾਲਣਾ ਮੁੱਖ ਸਮੱਸਿਆ ਬਣ ਗਿਆ ਹੈ । ਇਨ੍ਹਾਂ

ਬਾਕੀ ਸਫਾ 10 'ਤੇ





# ਘਰ ਵਿਚ ਮਾਈਕ੍ਰੋਗਰੀਨਜ਼ ਉਗਾਉਣ ਲਈ ਸੁਝਾਅ

**ਸੁਖਦੀਪ ਕੌਰ ਅਤੇ ਮਨਿੰਦਰ ਸਿੰਘ ਬੌਂਸ,**
**ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ, ਮੋਬਾਇਲ : 98789-83893**

## ਮਾਈਕ੍ਰੋਗਰੀਨਜ਼ ਕੀ ਹਨ ?

ਇਹ ਆਮ ਤੌਰ 'ਤੇ 1-3 ਇੰਚ ਲੰਬੇ, ਸਬਜ਼ੀਆਂ, ਜੜ੍ਹੀ-ਬੂਟੀਆਂ ਅਤੇ ਖਾਣ ਵਾਲੇ ਫੁੱਲਾਂ ਦੇ ਛੋਟੇ ਬੂਟੇ ਹੁੰਦੇ ਹਨ। ਇਹ ਆਕਾਰ ਵਿਚ ਛੋਟੇ ਹੁੰਦੇਹਨ ਅਤੇ ਬਾਹਰੀ ਬਗੀਚਿਆਂ ਤੋਂ ਲੈ ਕੇ ਵਿੰਡੋਸਿਲ (ਖਿੜਕੀ ਦੇ ਬਾਹਰ ਵਾਲੀ ਸਤਿਹ) ਤੱਕ, ਵੱਖ-ਵੱਖ ਸੈਟਿੰਗਜ਼ ਵਿਚ ਵਧਦੇ ਹਨ।

## ਮਾਈਕ੍ਰੋਗਰੀਨਜ਼ ਅਤੇ ਸਪ੍ਰਾਉਟਸ ਵਿਚ ਅੰਤਰ

★ ਬੀਜ ਦੇ ਉੱਗਣ ਤੋਂ ਬਾਅਦ ਸਪ੍ਰਾਉਟ ਇਕ ਪੌਦੇ ਦੇ ਜੀਵਨ ਚੱਕਰ ਦਾ ਸਭ ਤੋਂ ਪਹਿਲਾ ਪੜਾਅ ਹੁੰਦਾ ਹੈ। ਇਸ ਸਮੇਂ, ਸਪ੍ਰਾਉਟਸ ਫਿੱਕੇ ਰੰਗ ਦੇ ਹੁੰਦੇ ਹਨ ਕਿਉਂਕਿ ਉਨ੍ਹਾਂ ਨੇ ਅਜੇ ਤੱਕ ਪ੍ਰਕਾਸ਼ ਸੰਸ਼ਲੇਸ਼ਣ ਅਤੇ ਕਲੋਰੋਫਿਲ ਪੈਦਾ ਕਰਨਾ ਸ਼ੁਰੂ ਨਹੀਂ ਕੀਤਾ ਹੁੰਦਾ।

★ ਸਪ੍ਰਾਉਟਸ ਨਵੇਂ ਪੁੰਗਰੇ ਬੀਜ ਹਨ ਜੋ ਆਮ ਤੌਰ 'ਤੇ ਪਾਣੀ ਵਿਚ ਪੁੰਗਰਦੇ ਹਨ, ਜਦਕਿ ਮਾਈਕ੍ਰੋਗਰੀਨਜ਼, ਮਿੱਟੀ ਜਾਂ ਹਾਈਡ੍ਰੋਪੋਨਿਕ ਤੌਰ 'ਤੇ (ਪਾਣੀ-ਅਧਾਰਤ ਪੌਸ਼ਟਿਕ ਘੋਲ) ਉੱਗਾਏ ਜਾ



ਸਕਦੇ ਹਨ, ਪਰ ਉਹਨਾਂ ਨੂੰ ਸੂਰਜ ਦੀ ਰੌਸ਼ਨੀ ਦੀ ਲੋੜ ਹੁੰਦੀ ਹੈ।

★ ਇਸ ਦੇ ਉਲਟ, ਮਾਈਕ੍ਰੋਗਰੀਨਜ਼ ਸਪ੍ਰਾਉਟਸ ਤੋਂ ਉੱਗਦੇ ਹਨ, ਅਤੇ ਉਹਨਾਂ ਦੇ ਪੱਤੇ ਹੁੰਦੇ ਹਨ। ਜਦੋਂ ਛੋਟੇ ਪੱਤੇ ਪੂਰੀ ਤਰ੍ਹਾਂ ਵਿਕਸਤ ਹੋ ਜਾਂਦੇ ਹਨ, ਅਤੇ ਪਹਿਲੇ ਸਹੀ ਪੱਤੇ ਉੱਭਰਦੇ ਹਨ, ਤਾਂ ਪੌਦਾ ਇਕ ਮਾਈਕ੍ਰੋਗਰੀਨ ਬਣ ਜਾਂਦਾ ਹੈ।

★ ਸਪ੍ਰਾਉਟਸ ਦੇ ਵਧਣ ਦਾ ਜੀਵਨ ਚੱਕਰ ਕਾਫੀ ਛੋਟਾ ਹੁੰਦਾ ਹੈ ਅਤੇ ਇਹਨਾਂ ਕਟਾਈ ਬੀਜਾਂ ਦੇ ਉੱਗਣ ਤੋਂ ਬਾਅਦ ਅਤੇ ਪੱਤਿਆਂ ਦੇ ਵਿਕਾਸ ਤੋਂ ਪਹਿਲਾਂ ਹੀ 2-7 ਦਿਨਾਂ ਦੇ ਅੰਦਰ ਕੀਤੀ ਜਾਂਦੀ ਹੈ, ਜਦੋਂ ਕਿ ਮਾਈਕ੍ਰੋਗਰੀਨਜ਼ ਦੀ ਕਟਾਈ ਉਹਨਾਂ ਦੀਆਂ ਕਿਸਮਾਂ ਦੇ ਅਧਾਰ ਤੇ, ਆਮ ਤੌਰ 'ਤੇ ਉੱਗਣ ਤੋਂ 7-21 ਦਿਨਾਂ ਬਾਅਦ (ਜਿਵੇਂ ਹੀ ਪੌਦੇ ਦੇ ਪਹਿਲੇ ਸਹੀ ਪੱਤੇ ਪ੍ਰਗਟ ਹੁੰਦੇ ਹਨ) ਕੀਤੀ ਜਾਂਦੀ ਹੈ।

★ ਸਪ੍ਰਾਉਟਸ ਵਿਚ ਮਾਈਕ੍ਰੋਗਰੀਨਜ਼ ਦੇ ਮੁਕਾਬਲੇ ਵੱਧ ਅਮੀਨੋ ਐਸਿਡ, ਪੈਕਟਿਨ ਅਤੇ ਸ਼ੱਕਰ ਹੁੰਦੇ ਹਨ। ਜਦੋਂ ਕਿ ਮਾਈਕ੍ਰੋਗਰੀਨਜ਼ ਕੈਰੋਟੀਨੋਇਡਜ਼, ਕਲੋਰੋਫਿਲ ਅਤੇ ਜੈਵਿਕ ਐਸਿਡ ਨਾਲ ਭਰਪੂਰ ਹੁੰਦੇ ਹਨ, ਅਤੇ ਇਹਨਾਂ ਵਿਚ ਕੋਈ ਸ਼ੱਕਰ ਨਹੀਂ ਹੁੰਦੀ ਜਿਹਨਾਂ ਕਰਕੇ ਇਹ ਸ਼ੱਕਰ ਰੋਗ ਵਿਰੋਧੀ ਗੁਣ ਵੀ ਪ੍ਰਦਰਸ਼ਿਤ ਕਰਦੇ ਹਨ।

**ਘਰ ਵਿਚ ਮਾਈਕ੍ਰੋਗਰੀਨਜ਼ ਦੀ ਕਾਸ਼ਤ**

1. **ਉੱਗਾਉਣ ਲਈ ਮਾਧਿਅਮ ਤਿਆਰ ਕਰੋ** : ਇੱਕ ਪਤਲੀ ਪਰਤ (ਲਗਭਗ 1-2 ਇੰਚ) ਜੈਵਿਕ ਪੋਟਿੰਗ ਵਾਲੀ ਮਿੱਟੀ ਜਾਂ ਮਿੱਟੀ ਰਹਿਤ ਵਧਣ ਵਾਲੇ ਮਾਧਿਅਮ (ਨਾਰੀਅਲ ਦਾ ਬਾਹਰਲਾ ਛਿਲਕਾ/ਕੋਇਰ) ਨਾਲ ਘੱਟ ਡੂੰਘੀ ਟਰੇਅ ਜਾਂ ਕੰਟੇਨਰ (2-4 ਇੰਚ ਉੱਚਾਈ ਜਿਸ ਵਿਚ ਵਾਧੂ ਪਾਣੀ ਦੇ ਨਿਕਾਸ ਲਈ ਛੋਟੀ ਮੋਰੀ ਹੋਵੇ) ਨਾਲ ਭਰੋ। ਦੋਵੇਂ ਵਿਕਲਪ ਵਾਤਾਵਰਣ-ਅਨੁਕੂਲ ਹਨ ਅਤੇ ਸਿਹਤਮੰਦ ਜੜ੍ਹਾਂ ਦੇ ਵਿਕਾਸ ਨੂੰ ਉਤਸਾਹਿਤ ਕਰਦੇ ਹਨ। ਸਭ ਤੋਂ ਆਮ ਵਧਣ ਵਾਲੇ ਮਾਧਿਅਮ ਕੋਕ ਪਿਟ, ਪਰਲਾਈਟ ਅਤੇ ਵਰਮੀਕੁਲਾਈਟ ਹਨ ਜਾਂ ਇਹਨਾਂ ਸਭ ਨੂੰ ਸਹੀ ਅਨੁਪਾਤ ਵਿੱਚ ਮਿਲਾ ਕੇ ਵੀ ਵਰਤਿਆ ਜਾ ਸਕਦਾ ਹੈ। ਖਾਸ ਤੌਰ 'ਤੇ ਮਾਈਕ੍ਰੋਗਰੀਨਜ਼ ਉੱਗਾਉਣ ਲਈ ਮਾਧਿਅਮ ਤਿਆਰ ਕੀਤੇ ਸਿੰਗਲ-ਵਰਤੋਂ ਵਧਣ ਵਾਲੀਆਂ ਮੈਟਾਂ ਨੂੰ ਬਹੁਤ ਸਾਫ ਸੁਥਰਾ ਬਦਲ ਮੰਨਿਆ ਜਾਂਦਾ ਹੈ।

2. **ਬੀਜ ਦੀ ਚੋਣ** : ਆਪਣੀ ਤਰਜੀਹ ਅਨੁਸਾਰ ਮਾਈਕ੍ਰੋਗਰੀਨ ਕਿਸਮਾਂ ਦੇ ਜੈਵਿਕ, ਗੈਰ-ਜੀ.ਐਮ.ਓ. ਬੀਜਾਂ ਦੀ ਚੋਣ ਕਰੋ। ਪ੍ਰਮੁੱਖ ਵਿਕਲਪਾਂ ਵਿਚ ਬਰੋਕਲੀ, ਕੇਲ, ਮੂਲੀ, ਸੂਰਜਮੁਖੀ ਅਤੇ ਮਟਰ ਦੀਆਂ ਸ਼ੂਟ ਸ਼ਾਮਲ ਹਨ।

3. **ਢੁਕਵੀਂ ਨਮੀਂ ਪ੍ਰਦਾਨ ਕਰੋ** : ਸਪਰੇਅ ਬੋਤਲ ਦੀ ਵਰਤੋਂ ਕਰਕੇ ਬੀਜਾਂ ਅਤੇ ਮਿੱਟੀ ਨੂੰ ਹਲਕੇ ਤੌਰ 'ਤੇ ਰੋਜ਼ਾਨਾ ਪਾਣੀ ਦਾ ਛਿੱਟਾ ਦਿਉ, ਤਾਂ ਕਿ ਉਹ ਲਗਾਤਾਰ ਗਿੱਲੇ ਰਹਿਣ ਪਰ ਪਾਣੀ ਵਿਚ ਡੁੱਬੇ ਨਾ ਹੋਣ।


4. **ਸਹੀ ਰੌਸ਼ਨੀ ਯਕੀਨੀ ਬਣਾਓ** : ਟਰੇਅ ਨੂੰ ਧੁੱਪ ਵਾਲੀ ਖਿੜਕੀ ਵਿਚ ਜਾਂ ਵਧਣ ਵਾਲੀਆਂ ਲਾਈਟਾਂ ਦੇ ਹੇਠਾਂ ਰੱਖੋ ਤਾਂ ਜੋ ਪ੍ਰਤੀ ਦਿਨ ਘੱਟੋ-ਘੱਟ 6-8 ਘੰਟੇ ਲੋੜੀਂਦੀ ਸੂਰਜ ਦੀ ਰੌਸ਼ਨੀ ਪ੍ਰਦਾਨ ਕੀਤੀ ਜਾ ਸਕੇ। ਮਾਈਕ੍ਰੋਗਰੀਨਜ਼ ਨੂੰ ਅਨੁਕੂਲ ਵਧਣ ਲਈ 18-22°C (65-72°F) ਤਾਪਮਾਨ ਅਤੇ ਲਗਭਗ 50-70% ਨਮੀ ਚਾਹੀਦੀ ਹੈ।

5. **ਵਾਢੀ/ਕਟਾਈ** : ਇਕ ਵਾਰ ਜਦੋਂ ਮਾਈਕ੍ਰੋਗਰੀਨਜ਼ ਨੇ ਆਪਣੇ ਪੱਤਿਆਂ ਦਾ ਪਹਿਲਾ ਸੈੱਟ ਵਿਕਸਿਤ ਕਰ ਲਿਆ (1-3 ਹਫਤਿਆਂ ਬਾਅਦ), ਉਹ ਵਾਢੀ ਲਈ ਤਿਆਰ ਹੋ ਜਾਂਦੇ ਹਨ। ਮਿੱਟੀ ਦੀ ਰੇਖਾ ਦੇ ਬਿਲਕੁਲ ਉੱਪਰ ਬੂਟਿਆਂ ਨੂੰ ਕੱਟਣ ਲਈ ਸਾਫ ਕੈਂਚੀ ਦੀ ਵਰਤੋਂ ਕਰੋ, ਅਤੇ ਖਪਤ ਤੋਂ ਪਹਿਲਾਂ ਮਾਈਕ੍ਰੋਗਰੀਨਜ਼ ਨੂੰ ਚੰਗੀ ਤਰ੍ਹਾਂ ਧੋ ਲਵੋ।

ਘਰ ਵਿਚ ਮਾਈਕ੍ਰੋਗਰੀਨ ਦੀ ਕਾਸ਼ਤ ਕਰਨਾ ਪਹੁੰਚਯੋਗ ਅਤੇ ਅਨੰਦਦਾਇਕ ਗਤੀਵਿਧੀ ਹੈ ਜੋ ਸਿਹਤਮੰਦ ਅਤੇ ਟਿਕਾਊ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਦੀ ਹੈ।

# ਰੁੱਖ ਕਿਉਂ ਮਰਦੇ ਹਨ?

ਰੁੱਖ ਉਹ ਜੀਵ ਹੁੰਦੇ ਹਨ, ਜੋ ਸਾਰੀਆਂ ਹੋਰ ਜੀਵਤ ਚੀਜ਼ਾਂ ਵਾਂਗ, ਅੰਤ 'ਚ ਮਰ ਜਾਂਦੇ ਹਨ। ਬਹੁਤ ਸਾਰੇ ਕਾਰਨ ਹਨ, ਜੋ ਰੁੱਖਾਂ ਦੀ ਮੌਤ 'ਚ ਯੋਗਦਾਨ ਪਾਉਂਦੇ ਹਨ। ਰੁੱਖਾਂ ਦੀ ਮੌਤ ਦੇ ਸਭ ਤੋਂ ਆਮ ਕਾਰਨਾਂ 'ਚੋਂ ਇਕ ਕੋਈ ਬਿਮਾਰੀ ਲੱਗਣਾ ਹੈ। ਰੁੱਖ ਵੱਖ-ਵੱਖ ਰੋਗਾਣੂਆਂ, ਜਿਵੇਂ ਕਿ ਫੰਜਾਈ, ਬੈਕਟੀਰੀਆ ਅਤੇ ਵਾਇਰਸਾਂ ਨਾਲ ਖਤਮ ਹੋ ਸਕਦੇ ਹਨ, ਜੋ ਉਨ੍ਹਾਂ ਦੇ ਇਮਿਊਨ ਸਿਸਟਮ ਨੂੰ ਕਮਜ਼ੋਰ ਕਰ ਸਕਦੇ ਹਨ। ਇਸ ਤੋਂ ਇਲਾਵਾ ਕੀੜੇ-ਮਕੌੜੇ ਅਤੇ ਜਾਨਵਰ ਵੀ ਰੁੱਖਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਅਤੇ ਉਨ੍ਹਾਂ ਦੀ ਮੌਤ ਦਾ ਕਾਰਨ ਬਣ ਸਕਦੇ ਹਨ। ਰੁੱਖਾਂ ਦੀ ਮੌਤ ਦਾ ਇਕ ਹੋਰ ਪ੍ਰਮੁੱਖ ਕਾਰਨ ਵਾਤਾਵਰਨ ਤਣਾਅ ਹੈ। ਰੁੱਖ



**ਜਨਮੇਜਾ ਸਿੰਘ ਜੌਹਲ**
ਮੋ. 98159-45018

ਬਹੁਤ ਜ਼ਿਆਦਾ ਮੌਸਮੀ ਸਥਿਤੀਆਂ ਲਈ ਸੰਵੇਦਨਸ਼ੀਲ ਹੁੰਦੇ ਹਨ, ਜਿਵੇਂ ਕਿ ਸੋਕਾ, ਹੜ੍ਹ ਅਤੇ ਤੇਜ਼ ਹਵਾਵਾਂ, ਜੋ ਸਰੀਰਕ ਨੁਕਸਾਨ ਦਾ ਕਾਰਨ ਬਣ ਸਕਦੀਆਂ ਹਨ ਅਤੇ ਉਨ੍ਹਾਂ ਦੀ ਸਮੁੱਚੀ ਸਿਹਤ ਨੂੰ ਕਮਜ਼ੋਰ ਕਰ ਸਕਦੀਆਂ ਹਨ। ਸੂਰਜ ਦੀ ਘੱਟ ਰੌਸ਼ਨੀ, ਪੌਸ਼ਟਿਕ ਤੱਤਾਂ ਦੀ ਕਮੀ ਅਤੇ ਮਿੱਟੀ ਦਾ ਪੇਤਲਾ ਹੋਣਾ ਵੀ ਰੁੱਖਾਂ ਦੀ ਗਿਰਾਵਟ ਅਤੇ ਮੌਤ 'ਚ ਯੋਗਦਾਨ ਪਾ ਸਕਦਾ ਹੈ। ਇਸ ਤੋਂ ਇਲਾਵਾ ਪ੍ਰਦੂਸ਼ਣ, ਜਿਵੇਂ ਕਿ ਹਵਾ ਅਤੇ ਪਾਣੀ ਦਾ ਪ੍ਰਦੂਸ਼ਣ, ਰੁੱਖਾਂ ਦੀ ਸਿਹਤ 'ਤੇ ਮਾੜਾ ਪ੍ਰਭਾਵ ਪਾ ਸਕਦਾ ਹੈ ਅਤੇ ਉਨ੍ਹਾਂ ਦੀ ਅਚਨਚੇਤੀ ਮੌਤ ਦਾ ਕਾਰਨ ਬਣ ਸਕਦਾ ਹੈ।

ਅੰਤ 'ਚ ਮਨੁੱਖੀ ਸਰਗਰਮੀਆਂ ਵੀ ਰੁੱਖਾਂ ਦੀ ਮੌਤ 'ਚ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੀਆਂ ਹਨ। ਜੰਗਲਾਂ ਦੀ ਕਟਾਈ, ਰੁੱਖਾਂ ਦੇ ਵਿਨਾਸ਼ 'ਚ ਯੋਗਦਾਨ ਪਾ ਸਕਦੇ ਹਨ ਅਤੇ ਰੁੱਖਾਂ ਦੀ ਮੌਤ ਦਾ ਕਾਰਨ ਬਣ ਸਕਦੇ ਹਨ। ਗਲਤ ਲਾਉਣਾ ਅਤੇ ਦੇਖਭਾਲ ਦੇ ਤਰੀਕੇ, ਜਿਵੇਂ ਕਿ ਜ਼ਿਆਦਾ ਪਾਣੀ ਦੇਣਾ, ਮਿੱਟੀ ਨੂੰ ਸਖਤ ਕਰਨਾ ਅਤੇ ਹਾਨੀਕਾਰਕ ਰਸਾਇਣਾਂ ਦੀ ਵਰਤੋਂ ਕਰਨਾ, ਰੁੱਖਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਉਨ੍ਹਾਂ ਦੀ ਮੌਤ ਦਾ ਕਾਰਨ ਬਣ ਸਕਦਾ ਹੈ। ਰੁੱਖਾਂ ਦੀ ਅਚਨਚੇਤੀ ਮੌਤ ਨੂੰ ਰੋਕਣ ਲਈ, ਇਨ੍ਹਾਂ ਕਾਰਨਾਂ ਨੂੰ ਧਿਆਨ 'ਚ ਰੱਖੋ ਅਤੇ ਸਾਡੇ ਕੀਮਤੀ ਕੁਦਰਤੀ ਸਰੋਤਾਂ ਦੀ ਸੁਰੱਖਿਆ ਅਤੇ ਸੰਭਾਲ ਲਈ ਢੁੱਕਵੇਂ ਉਪਾਅ ਕਰਨੇ ਜ਼ਰੂਰੀ ਹਨ।



# ਨੀਅਤ ਨੂੰ ਮੁਰਾਦ

ਇਕ ਵਪਾਰੀ ਵਿਅਕਤੀ ਇਕ ਜੰਗਲ ਵਿਚੋਂ ਗੁਜ਼ਰ ਰਿਹਾ ਸੀ ਤੁਰਿਆ ਜਾਂਦਿਆਂ ਉਸ ਵਪਾਰੀ ਨੂੰ ਜ਼ਿਆਦਾ ਭੁੱਖ ਤੇ ਤ੍ਰੇਹ ਲੱਗੀ। ਉਸਨੇ ਸੋਚਿਆ ਕਿ ਕੁਝ ਖਾਧਾ ਪੀਤਾ ਜਾਵੇ। ਉਸ ਨੂੰ ਤੁਰਦਿਆਂ ਇਕ ਬਾਗ ਅਨਾਰਾਂ ਦਾ ਪਾਰ ਕਰਨਾ ਪਿਆ। ਉਸ ਭੁੱਖੇ ਤ੍ਰਾਹੇ ਵਿਅਕਤੀ ਨੂੰ ਬਾਗ ਦਾ ਮਾਲੀ ਮਿਲ ਗਿਆ, ਉਸ ਨੇ ਵਿਅਕਤੀ ਨੇ ਮਾਲੀ ਨੂੰ ਕਿਹਾ ਕਿ ਮੈਨੂੰ ਭੁੱਖ ਮਿਟਾਉਣ ਲਈ ਇਕ ਅਨਾਰ ਦਿੱਤਾ ਜਾਵੇ ਨਾਲ ਪਾਣੀ ਪਿਲਾਇਆ ਜਾਵੇ। ਉਸ ਮਾਲੀ ਨੇ ਉਸ ਵਪਾਰੀ ਨੂੰ ਇਕ ਖਾਣ ਲਈ ਅਨਾਰ ਦਿੱਤਾ ਤੇ ਪਾਣੀ ਪਿਲਾਇਆ। ਵਪਾਰੀ ਨੂੰ ਅਨਾਰ ਬਹੁਤ ਮਿੱਠਾ ਲੱਗਾ ਬਹੁਤ ਆਨੰਦ ਆਇਆ ਅਤੇ ਉਸ ਵਿਅਕਤੀ ਨੇ ਸੋਚਿਆ ਕਿ ਇਕ ਅਨਾਰ ਮਾਲੀ ਤੋਂ ਮੰਗਿਆ ਜਾਵੇ ਤਾਂ ਆਨੰਦ ਆ ਜਾਏਗਾ। ਫਿਰ ਵਪਾਰੀ ਨੇ ਦੂਸਰਾ ਅਨਾਰ ਮੰਗ ਲਿਆ। ਮਾਲੀ ਨੇ ਖੁਸ਼ੀ ਖੁਸ਼ੀ ਇਕ ਹੋਰ ਅਨਾਰ ਦੇ ਦਿਤਾ, ਵਪਾਰੀ ਨੇ ਦੁਬਾਰਾ ਅਨਾਰ ਖਾਣਾ ਸ਼ੁਰੂ ਕੀਤਾ ਤਾਂ ਅਨਾਰ ਖਾਂਦਿਆਂ ਸੋਚਿਆ ਕਿ ਸਾਰਾ ਬਾਗ ਹੀ ਮੇਰੇ ਕਬਜ਼ੇ ਵਿਚ ਆ ਜਾਏ। ਉਸ ਦੀ ਪਹਿਲੇ ਅਨਾਰ ਖਾਣ ਸਮੇਂ ਨੀਅਤ ਠੀਕ ਸੀ ਪਰ ਜਦੋਂ ਦੂਸਰਾ ਅਨਾਰ ਵਪਾਰੀ ਖਾਣ ਲੱਗਿਆ ਨੀਅਤ ਵਿਚ ਖੋਟ ਆ ਗਿਆ। ਉਸਨੂੰ ਅਨਾਰ ਕੌੜਾ ਤੇ ਬੇਕਾਰ ਮਹਿਸੂਸ ਹੋਇਆ। ਮਾਲੀ ਨੂੰ ਉਸਨੇ ਕਿਹਾ ਅਜਿਹਾ ਕਿਉ ਹੋਇਆ ? ਮਾਲੀ ਨੇ ਉੱਤਰ ਦਿੱਤਾ ਕਿ ਨੀਅਤ ਨੂੰ ਹੀ ਮੁਰਾਦ ਮਿਲਦੀ, ਮਾੜੀ ਨੀਅਤ ਨੂੰ ਮਿਲਦੀਆਂ ਮੁਰਾਦਾਂ ਰਹਿ ਜਾਂਦੀਆਂ ਹਨ। ਇਸ ਕਹਾਣੀ ਤੋਂ ਸਿਖਿਆ ਮਿਲਦੀ ਹੈ ਕਿ ਆਪਣੇ ਨੀਅਤ ਨੂੰ ਸਾਫ ਰੱਖਿਆ ਜਾਵੇ ਤਾਂ ਸਭ ਮੁਰਾਦਾਂ ਝੋਲੀਆਂ ਵਿਚ ਪੈਣਗੀਆਂ।



**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜ਼ੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249







# ਜੜ੍ਹਾਂ ਵਾਲੀਆਂ ਸਬਜ਼ੀਆਂ ਦੀ ਕਾਸ਼ਤ

ਬਰਿੰਦਰ ਕੌਰ, ਤੇਜਪਾਲ ਸਿੰਘ ਸਰਾ ਅਤੇ ਕੁਲਬੀਰ ਸਿੰਘ,
ਸਬਜ਼ੀ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ
(ਮੋ.8146344445)

ਜੜ੍ਹਾਂ ਵਾਲੀਆਂ ਸਬਜ਼ੀਆਂ ਸਰਦ ਰੁੱਤ ਵਿਚ ਬੀਜੀਆਂ ਜਾਂਦੀਆਂ ਹਨ, ਪਰ ਅਗੇਤੀਆਂ ਕਿਸਮਾਂ ਦੀ ਉਪਲਬਧਤਾ ਨਾਲ, ਇਹਨਾਂ ਦੀ ਕਾਸ਼ਤ ਗਰਮੀ ਦੇ ਮੌਸਮ



ਦੌਰਾਨ ਵੀ ਕੀਤੀ ਜਾ ਸਕਦੀ ਹੈ ਅਤੇ ਮੰਡੀ ਵਿਚ ਵਧੇਰੇ ਮੁੱਲ ਲਿਆ ਜਾ ਸਕਦਾ ਹੈ। ਇਹਨਾਂ ਸਬਜ਼ੀਆਂ ਦੀ ਕਾਸ਼ਤ ਦੇ ਤਰੀਕੇ ਇੱਕੋ ਜਿਹੇ ਹੋਣ ਕਾਰਨ ਕਾਸ਼ਤ ਕਰਨਾ ਸੌਖਾ ਹੋ ਜਾਂਦਾ ਹੈ।

**ਮੂਲੀ ਅਤੇ ਸ਼ਲਗਮ**

ਮੂਲੀ ਅਤੇ ਸ਼ਲਗਮ ਘਰਾਂ ਵਿਚ ਉਗਾਈਆਂ ਜਾਣ ਵਾਲੀਆਂ ਮੁੱਖ ਸਬਜ਼ੀਆਂ ਹਨ। ਇਹਨਾਂ ਦੀ ਕਾਸ਼ਤ ਖਾਣ ਲਈ ਕੀਤੀ ਜਾਂਦੀ ਹੈ ਅਤੇ ਕਈ ਵਾਰ ਇਹਨਾਂ ਦੇ ਪੱਤਿਆਂ ਨੂੰ ਵੀ ਸਲਾਦ ਵਜੋਂ ਵਰਤ ਲਿਆ ਜਾਂਦਾ ਹੈ। ਮੂਲੀ ਅਤੇ ਸ਼ਲਗਮ ਭਾਵੇਂ ਹਰ ਕਿਸਮ ਦੀ ਮਿੱਟੀ ਵਿਚ ਉਗਾਏ ਜਾ ਸਕਦੇ ਹਨ ਪਰ ਜੜ੍ਹਾਂ ਦੇ ਵਿਕਾਸ ਲਈ ਰੇਤਲੀ ਮੈਰਾ ਅਤੇ ਭੁਰਭਰੀ ਜ਼ਮੀਨ ਵਧੀਆ ਰਹਿੰਦੀ ਹੈ।

**ਗਾਜਰ**

ਗਾਜਰ ਠੰਡੇ ਮੌਸਮ ਦੀ ਸਬਜ਼ੀ ਹੈ। ਗਰਮ ਖੇਤਰਾਂ ਵਿਚ ਗਾਜਰ ਦੀ ਕਾਸ਼ਤ ਬਹਾਰ, ਗਰਮੀ ਅਤੇ ਪੱਤਝੜ ਦੌਰਾਨ ਕੀਤੀ ਜਾਂਦੀ ਹੈ। ਗਾਜਰ ਦੀਆਂ ਠੰਡੇ ਮੌਸਮ ਦੀਆਂ ਕਿਸਮਾਂ ਲਈ ਫੁੱਲ ਪੈਣ ਤੋਂ ਪਹਿਲਾਂ 40-60 ਦਿਨਾਂ ਤੱਕ 5-8$^0$C ਦਾ ਤਾਪਮਾਨ ਲਾਜ਼ਮੀ ਹੈ। ਡੂੰਘੀ ਪੋਲੀ ਚੀਕਣੀ ਮੈਰਾ ਜ਼ਮੀਨ ਵਿਚ ਗਾਜਰਾਂ ਦਾ ਵਿਕਾਸ ਬਹੁਤ ਵਧੀਆ ਹੁੰਦਾ ਹੈ।

**ਕਾਸ਼ਤ ਦੇ ਢੰਗ**

ਅਗਸਤ ਤੋਂ ਸਤੰਬਰ ਦਾ ਸਮਾਂ ਸ਼ਗਲਮ ਦੀਆਂ ਦੇਸੀ ਕਿਸਮਾਂ ਬਹੁਤ ਵਧੀਆ ਹੈ ਜਦੋਂ ਕਿ ਯੂਰਪੀ ਕਿਸਮਾਂ ਦੀ ਕਾਸ਼ਤ ਅਕਤੂਬਰ ਤੋਂ ਨਵੰਬਰ ਤੱਕ ਕੀਤੀ ਜਾ ਸਕਦੀ ਹੈ।

ਮੂਲੀ ਅਤੇ ਗਾਜਰ ਦੀ ਬਿਜਾਈ ਲਈ 4-5 ਕਿਲੋ ਅਤੇ ਸ਼ਲਗਮਾਂ ਦਾ 2-3 ਕਿਲੋ ਬੀਜ ਪ੍ਰਤੀ ਏਕੜ ਚਾਹੀਦਾ ਹੈ। ਇਨ੍ਹਾਂ ਦਾ ਕਾਸ਼ਤ ਲਈ ਵੱਟਾਂ ਦਾ ਫਾਸਲਾ 45 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ ਫਾਸਲਾ 7.5 ਸੈਂਟੀਮੀਟਰ ਰੱਖਣਾ ਚਾਹੀਦਾ ਹੈ। ਵਪਾਰਕ ਪੱਧਰ ਤੇ ਟ੍ਰੈਕਟਰ ਨਾਲ ਚੱਲਣ ਵਾਲੇ ਪਲਾਂਟਰ ਦੀ ਵਰਤੋਂ ਕਰਕੇ 67.5 ਸੈਂਟੀਮੀਟਰ ਦੀ ਚੌੜਾਈ ਵਾਲੇ ਬੈੱਡਾਂ ਉੱਪਰ ਗਾਜਰਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਇਹ ਮਸ਼ੀਨ ਇੱਕ ਬੈੱਡਾਂ ਉੱਪਰ ਕਤਾਰਾਂ ਵਿਚ 10 ਸੈਂਟੀਮੀਟਰ ਅਤੇ ਬੂਟਿਆਂ ਵਿਚ 8 ਸੈਂਟੀਮੀਟਰ ਦਾ ਫਾਸਲਾ ਰੱਖ ਕੇ ਬੀਜਾਈ ਕਰਦੀ ਹੈ।

ਸ਼ਲਗਮ ਅਤੇ ਮੂਲੀ ਦੀ ਬਿਜਾਈ ਦੇ 2-3 ਹਫਤੇ ਬਾਦ ਇਕ ਗੋਡੀ ਕਰਨ ਮਗਰੋਂ ਮਿੱਟੀ ਚੜ੍ਹਾਉਣੀ ਚਾਹੀਦੀ ਹੈ। ਖਾਸ ਤੌਰ 'ਤੇ ਮੂਲੀ ਦੀਆਂ ਦੇਸੀ ਕਿਸਮਾਂ ਵਿਚ ਜੜ੍ਹਾਂ ਮਿੱਟੀ ਤੋਂ ਉੱਪਰ ਫੈਲਣ ਦੀ ਸੰਭਾਵਨਾ ਹੁੰਦੀ ਹੈ। ਸ਼ੁਰੂਆਤੀ ਦਿਨਾਂ ਵਿਚ ਗਾਜਰ ਦਾ ਵਿਕਾਸ ਘੱਟ ਹੁੰਦਾ ਹੈ, ਇਸ ਲਈ ਅਸਰਦਾਰ ਢੰਗ ਨਾਲ ਨਦੀਨਾਂ ਦੀ ਰੋਕਥਾਮ ਲਈ 2-3 ਗੋਡੀਆਂ ਜ਼ਰੂਰੀ ਹਨ ਅਤੇ ਫਿਰ ਬਿਜਾਈ ਤੋਂ 4-5 ਹਫਤੇ ਬਾਅਦ ਇੱਕ ਗੋਡੀ ਕਰਨ ਮਗਰੋਂ ਬਾਅਦ ਮਿੱਟੀ ਚੜ੍ਹਾ ਦਿਓ।

ਪਹਿਲਾ ਪਾਣੀ ਬਿਜਾਈ ਤੋਂ ਤੁਰੰਤ ਬਾਅਦ ਅਤੇ ਅਗਲੇ ਪਾਣੀ ਮਿੱਟੀ ਦੀ ਕਿਸਮ ਦੇ ਅਧਾਰ ਤੇ ਲਾਉਣੇ ਚਾਹੀਦੇ ਹਨ। ਗਰਮੀਆਂ ਵਿਚ ਹਰ 6-7 ਦਿਨ ਅਤੇ ਸਰਦੀਆਂ ਵਿਚ 10-12 ਦਿਨ ਦੇ ਵਕਫੇ ਤੇ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ। ਯੂਰਪੀ ਕਿਸਮਾਂ ਦੀ ਪੁਟਾਈ ਵਿਚ ਦੇਰੀ ਹੋਣ ਕਾਰਨ ਇਹ ਖਾਣਯੋਗ ਨਹੀਂ ਰਹਿੰਦੀਆਂ। ਛੇਤੀ ਵਿਕਸਤ ਹੋਣ ਵਾਲੀ ਮੁੱਖ ਮੌਸਮ ਦੀਆਂ ਮੂਲੀ ਦੀ ਕਿਸਮਾਂ ਜਿਵੇਂ ਕਿ ਪੰਜਾਬ ਪਸੰਦ ਅਤੇ ਅਗੇਤੇ ਮੌਸਮ ਦੀਆਂ ਕਿਸਮਾਂ ਜਿਵੇਂ ਕਿ ਪੂਸਾ ਚੇਤਕੀ, ਬਿਜਾਈ ਦੇ 45 ਦਿਨ ਮਗਰੋਂ ਪੁਟਾਈ ਯੋਗ ਹੋ ਜਾਂਦੀਆਂ ਹਨ। ਗਾਜਰਾਂ ਦੀ ਪੁਟਾਈ ਕਿਸਮਾਂ ਦੇ ਰੰਗ (ਲਾਲ / ਕਾਲੀ / ਸੰਤਰੀ) ਦੇ ਅਧਾਰ 'ਤੇ ਮੰਡੀ ਵਿਚ ਸਹੀਂ ਮੁੱਲ ਲੈਣ ਲਈ ਸਹੀ ਸਮੇਂ ਤੇ ਕਰਨੀ ਚਾਹੀਦੀ ਹੈ। ਵਪਾਰਕ ਪੱਧਰ ਉੱਪਰ, ਗਾਜਰਾਂ ਦੀ ਪੁਟਾਈ ਲਈ ਟ੍ਰੈਕਟਰ ਨਾਲ ਚੱਲਣ ਵਾਲੀ ਮਸ਼ੀਨ ਦੀ ਵਰਤੋਂ ਕੀਤੀ ਜਾ ਸਕਦੀ ਹੈ ਜਿਸ ਨਾਲ ਇਕ ਘੰਟੇ ਵਿਚ 0.62 ਏਕੜ ਰਕਬੇ ਤੋਂ ਗਾਜਰਾਂ ਦੀ ਪੁਟਾਈ ਕੀਤੀ ਜਾ ਸਕਦੀ ਹੈ।

| ਫਸਲ ਅਤੇ ਕਿਸਮਾਂ | ਬਿਜਾਈ ਦਾ ਸਮਾਂ | ਤਿਆਰ ਹੋਣ ਦਾ ਸਮਾਂ | ਝਾੜ (ਕੁਇੰਟਲ/ਏਕੜ) | ਖਾਦਾਂ |
|---|---|---|---|---|
| **ਮੂਲੀ** | | | | |
| ਪੰਜਾਬ ਸਫੈਦਾ ਮੂਲੀ 2 | ਅੱਧ ਸਤੰਬਰ-ਅਕਤੂਬਰ | ਅਕਤੂਬਰ-ਦਸੰਬਰ | 261 | 15 ਟਨ ਰੂੜੀ ਦੀ ਖਾਦ* |
| ਪੰਜਾਬ ਪਸੰਦ | ਅੱਧ ਸਤੰਬਰ-ਅਕਤੂਬਰ | ਅਕਤੂਬਰ-ਦਸੰਬਰ | 140 | 55 ਕਿਲੋ ਯੂਰੀਆ |
| ਪੂਸਾ ਹਿਮਾਨੀ | ਜਨਵਰੀ-ਫਰਵਰੀ | ਫਰਵਰੀ-ਅਪ੍ਰੈਲ | 160 | 75 ਕਿਲੋ ਸਿੰਗਲ ਸੁਪਰ ਫਾਸਫੇਟ |
| ਪੂਸਾ ਚੇਤਕੀ | ਅਪ੍ਰੈਲ-ਅਗਸਤ | ਮਈ-ਸਤੰਬਰ | 105 | |
| ਜਪਾਨੀ ਵਾਈਟ | ਨਵੰਬਰ-ਦਸੰਬਰ | ਦਸੰਬਰ-ਜਨਵਰੀ | 160 | |
| **ਸ਼ਲਗਮ** | | | | |
| ਐੱਲ-1 | ਅਗਸਤ-ਸਤੰਬਰ | ਅਕਤੂਬਰ-ਨਵੰਬਰ | 105 | |
| **ਗਾਜਰ** | | | | |
| ਪੀ ਸੀ-161 | ਅਗਸਤ-ਸਤੰਬਰ | ਅਕਤੂਬਰ-ਨਵੰਬਰ | 256 | 15 ਟਨ ਰੂੜੀ ਦੀ ਖਾਦ* |
| ਪੰਜਾਬ ਕੈਰਟ ਰੈੱਡ | ਅਗਸਤ-ਸਤੰਬਰ | ਅਕਤੂਬਰ-ਨਵੰਬਰ | 230 | 55 ਕਿਲੋ ਯੂਰੀਆ |
| ਪੰਜਾਬ ਬਲੈਕ ਬਿਊਟੀ | ਅਗਸਤ-ਸਤੰਬਰ | ਜਨਵਰੀ-ਫਰਵਰੀ | 196 | 50 ਕਿਲੋ ਮਿਊਰੇਟ ਆਫ ਪੋਟਾਸ਼ |
| ਪੀ ਸੀ-34 | ਅਗਸਤ-ਸਤੰਬਰ | ਅਕਤੂਬਰ-ਨਵੰਬਰ | 204 | |
| ਪੰਜਾਬ ਜਾਮੁਨੀ | ਅਕਤੂਬਰ-ਨਵੰਬਰ | ਜਨਵਰੀ-ਫਰਵਰੀ | 218 | |
| ਪੰਜਾਬ ਰੌਸ਼ਨੀ | ਅਕਤੂਬਰ-ਨਵੰਬਰ | ਜਨਵਰੀ-ਫਰਵਰੀ | 207 | |

*ਸਾਰੀਆਂ ਖਾਦਾਂ ਬਿਜਾਈ ਸਮੇਂ ਪਾਓ।



# ਬਰਸਾਤੀ ਮੌਸਮ 'ਚ ਮੱਛੀ ਪਾਲਣ ਲਈ ਯੋਗ ਪ੍ਰਬੰਧ

ਪਿਛਲੇ ਸਾਲਾਂ ਤੋਂ ਆ ਰਹੀਆਂ ਮੌਸਮੀ ਤਬਦੀਲੀਆਂ ਕਾਰਨ ਵਾਤਾਵਰਨ 'ਚ ਕਈ ਬਦਲਾਅ ਆ ਰਹੇ ਹਨ। ਸਾਲ 'ਚ ਕਈ ਵਾਰ ਥੋੜ੍ਹੇ ਸਮੇਂ 'ਚ ਹੀ ਜ਼ਿਆਦਾ ਬਾਰਿਸ਼ ਹੋ ਜਾਂਦੀ ਹੈ। ਇਸ ਨਾਲ ਜਿੱਥੇ ਫਸਲਾਂ ਦੇ ਝਾੜ 'ਚ ਤਬਦੀਲੀ ਆ ਰਹੀ ਹੈ, ਉੱਥੇ ਹੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਕਿੱਤੇ 'ਚ ਵੀ ਇਸ ਦਾ ਅਸਰ ਵੇਖਿਆ ਗਿਆ ਹੈ। ਮੌਸਮ 'ਚ ਤਬਦੀਲੀ ਆਉਣ ਕਾਰਨ ਹੜ੍ਹ ਅਤੇ ਸੋਕੇ ਸਮੇਂ ਮੱਛੀ ਪਾਲਕਾਂ ਨੂੰ ਬਹੁਤ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਵੇਂ ਕਿ ਹੜ੍ਹ ਵਾਲੇ ਖੇਤਰ 'ਚ ਪਾਣੀ ਦਾ ਪੱਧਰ ਵਧ ਜਾਣ ਕਰਕੇ ਮੱਛੀਆਂ ਦਾ ਗੁਆਚ ਜਾਣਾ, ਬੰਨ੍ਹਾਂ ਦੇ ਟੁੱਟ ਜਾਣ ਨਾਲ ਨਹਿਰੀ ਪਾਣੀ ਰਾਹੀਂ ਹੋਰ ਪ੍ਰਜਾਤੀਆਂ ਦਾ ਤਲਾਅ 'ਚ ਆ ਜਾਣਾ ਅਤੇ ਨਾਲ ਹੀ ਪਾਣੀ ਦੀ ਗੁਣਵੱਤਾ ਨੂੰ ਵੀ ਪ੍ਰਭਾਵਿਤ ਕਰਦਾ ਹੈ। ਕਈ ਵਾਰ ਬੰਨ੍ਹਾਂ ਦੇ ਖੁਰ ਜਾਣ ਨਾਲ ਪਾਣੀ ਗੰਦਲਾ ਹੋ ਜਾਂਦਾ ਹੈ, ਜਿਸ ਕਰਕੇ ਸੂਰਜ ਦੀਆਂ



ਕਿਰਨਾਂ ਪਾਣੀ 'ਚ ਘੁਲੀ ਹੋਈ ਆਕਸੀਜਨ ਦੀ ਮਾਤਰਾ ਘਟ ਜਾਂਦੀ ਹੈ। ਬਰਸਾਤੀ ਪਾਣੀ ਪੈ ਜਾਨ ਨਾਲ ਪਾਣੀ ਦੀ ਪੀ. ਐੱਚ. (ਖਾਰਾ ਅੰਗ) ਘੱਟ ਹੋ ਜਾਂਦੀ ਹੈ, ਇਸ ਦਾ ਮੱਛੀ ਦੇ ਵਿਕਾਸ ਉੱਤੇ ਬਹੁਤ ਮਾੜਾ ਅਸਰ ਪੈਂਦਾ ਹੈ। ਇਸ ਨਾਲ ਮੱਛੀ ਦੀ ਪੈਦਾਵਾਰ ਘਟਦੀ ਹੈ, ਜਿਸ ਦਾ ਸਿੱਧਾ ਅਸਰ ਕਿਸਾਨ ਦੀ ਆਰਥਿਕਤਾ 'ਤੇ ਪੈਂਦਾ ਹੈ। ਇਸ ਤੋਂ ਬਚਣ ਲਈ ਮੱਛੀ ਪਾਲਕਾਂ ਨੂੰ ਇਸ ਬਰਸਾਤ ਦੇ ਮੌਸਮ ਸਮੇਂ ਤਲਾਅ 'ਚ ਪਈਆਂ ਮੱਛੀਆਂ ਨੂੰ ਬਚਾਉਣ ਲਈ ਕੁਝ ਖਾਸ ਗੱਲਾਂ ਦਾ ਧਿਆਨ ਰੱਖਣ ਦੀ ਜ਼ਰੂਰਤ ਹੈ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ। ਬਰਸਾਤ ਦੇ ਮੌਸਮ ਦੌਰਾਨ ਤਲਾਅ ਨੂੰ ਨੱਕੋ-ਨੱਕ ਨਾ ਭਰੋ, ਪਾਣੀ ਦੀ ਸਤ੍ਹਾ ਤੋਂ ਉੱਪਰ 1.5-2.0 ਫੁੱਟ ਥਾਂ ਖਾਲੀ ਰੱਖੋ ਤਾਂ ਜੋ ਤਲਾਅ ਨੂੰ ਬਰਸਾਤੀ ਪਾਣੀ ਨਾਲ ਓਵਰਫਲੋਅ ਹੋਣ ਤੋਂ ਬਚਾਇਆ ਜਾ ਸਕੇ। ਤਲਾਅ ਦੇ ਬੰਨ੍ਹਾਂ ਨੂੰ ਖੁਰਨ ਤੋਂ ਅਤੇ ਬਰਸਾਤ ਵਾਲਾ ਪਾਣੀ ਤਲਾਅ 'ਚ ਆਉਣ ਤੋਂ ਰੋਕਣ ਲਈ ਬੰਨ੍ਹਾਂ ਨੂੰ ਆਲੇ-ਦੁਆਲੇ ਦੇ ਇਲਾਕੇ ਦੀ ਜ਼ਮੀਨ ਤੋਂ ਥੋੜ੍ਹਾ ਉੱਚਾ ਬਣਾਓ। ਬੰਨ੍ਹਾਂ ਨੂੰ ਮਜ਼ਬੂਤ ਬਣਾਉਣ ਵਾਸਤੇ ਰੇਤ ਦੀਆਂ ਬੋਰੀਆਂ ਦੀ ਵੀ ਵਰਤੋਂ ਕਰੋ ਅਤੇ ਖੁਰਨ ਤੋਂ ਬਚਾਉਣ ਲਈ ਬੰਨ੍ਹਾਂ ਦੇ ਦੋਵਾਂ ਪਾਸੇ ਘਾਹ ਲਗਾਓ। ਕਈ ਵਾਰ ਜ਼ਿਆਦਾ ਬਰਸਾਤ ਕਾਰਨ ਜੇਕਰ ਪਾਣੀ ਦਾ ਰੰਗ ਬਦਲ ਜਾਵੇ (ਪਾਣੀ ਰੰਗਹੀਣ ਜਾਂ ਹਰੇ ਤੋਂ ਭੂਰਾ ਹੋ ਜਾਵੇ), ਤਾਂ ਇਸ ਦਾ ਮਤਲਬ ਹੈ ਕਿ ਤਲਾਅ 'ਚ ਪਲੈਂਕਟਨ (ਮੱਛੀ ਦੀ ਕੁਦਰਤੀ ਖੁਰਾਕ) ਖਤਮ ਹੋ ਗਏ ਹਨ, ਅਜਿਹੀ ਸਥਿਤੀ ਤੋਂ ਬਚਣ ਲਈ ਤਲਾਅ 'ਚ ਕਿਸੇ ਵੀ ਤਰ੍ਹਾਂ ਦੀ ਖਾਦ ਅਤੇ ਖੁਰਾਕ ਦੀ ਵਰਤੋਂ ਬੰਦ ਕਰ ਦਿਓ ਅਤੇ ਤਲਾਅ 'ਚ ਤਾਜ਼ਾ ਪਾਣੀ ਛੱਡ ਦਿਓ। ਇਸ ਤੋਂ ਇਲਾਵਾ ਕੁਝ ਹੋਰ ਖਾਸ ਗੱਲਾਂ ਦਾ ਖਿਆਲ ਰੱਖਣਾ ਬਹੁਤ ਜ਼ਰੂਰੀ ਹੈ, ਜਿਵੇਂ ਕਿ ਬਰਸਾਤੀ ਮੌਸਮ ਦੌਰਾਨ ਲਗਾਤਾਰ ਬੱਦਲਵਾਈ ਦੀ ਸੂਰਤ 'ਚ ਮੱਛੀ ਨੂੰ ਖੁਰਾਕ ਪਾਉਣੀ ਬੰਦ ਕਰ ਦਿਓ, ਪਾਣੀ ਦੀ ਗੁਣਵੱਤਾ ਨੂੰ ਠੀਕ ਰੱਖਣ ਲਈ ਤਲਾਅ 'ਚ ਤਾਜ਼ਾ ਪਾਣੀ ਛੱਡਦੇ ਰਹੋ ਅਤੇ ਏਰੇਟਰ ਨਾਲ ਏਰੇਸ਼ਨ ਕਰਦੇ ਰਹੋ। ਉਪਰੋਕਤ ਸਾਵਧਾਨੀਆਂ 'ਤੇ ਅਮਲ ਕਰਨ ਨਾਲ ਮੱਛੀ ਪਾਲਕ ਬਰਸਾਤ ਕਾਰਨ ਹੋਣ ਵਾਲੇ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਤੋਂ ਬਚ ਸਕਦੇ ਹਨ।

**ਸਾਹਿਲ, ਪ੍ਰਭਜੀਤ ਸਿੰਘ ਅਤੇ ਨਵਜੋਤ ਬਰਾੜ** (ਮੋ. 78141-46614)



# ਫਲ ਅਤੇ ਸਬਜ਼ੀਆਂ ਦੀ ਘਰੇਲੂ ਬਗੀਚੀ ਦੀ ਮਹੱਤਤਾ ਅਤੇ ਲੋੜ

ਦਿਲਪ੍ਰੀਤ ਸਿੰਘ, ਮਨਵੀਨ ਕੌਰ ਅਤੇ ਕੁਲਬੀਰ ਸਿੰਘ,
ਸਬਜ਼ੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 95927-72123)

**ਅੰਬ, ਲੀਚੀ, ਜਾਮੁਨ, ਸਪੋਟਾ ਆਦਿ ਬਹੁਤ ਉੱਚੇ ਰੁੱਖਾਂ ਨੂੰ ਘਰੇਲੂ ਬਗੀਚੀ ਦੇ ਉੱਤਰੀ ਹਿੱਸੇ ਵਿੱਚ ਲਗਾਉਣਾ ਚਾਹੀਦਾ ਹੈ । ਨਿੰਬੂ ਜਾਤੀ ਦੇ ਫਲ ਅਤੇ ਅਮਰੂਦ ਦੇ ਬੂਟੇ ਅੰਦਰਲੇ ਹਿੱਸੇ ਵਿਚ ਲਗਾਏ ਜਾ ਸਕਦੇ ਹਨ ਅਤੇ ਦੱਖਣ-ਪੂਰਬੀ ਹਿੱਸੇ ਵਿਚ ਸੇਬ, ਨਾਸ਼ਪਾਤੀ, ਆੜੂ ਅਤੇ ਅਨਾਰ ਆਦਿ ਪਤਝੜ ਵਾਲੇ ਫਲਾਂ ਦੇ ਰੁੱਖ ਲਗਾਏ ਜਾ ਸਕਦੇ ਹਨ । ਪਪੀਤੇ ਅਤੇ ਕੇਲੇ ਦੀ ਕਾਸ਼ਤ ਦੱਖਣੀ ਪਾਸੇ ਆਖਰੀ ਕਤਾਰ ਵਿਚ ਕੀਤੀ ਜਾ ਸਕਦੀ ਹੈ । ਇਸ ਦੇ ਨਾਲ ਹੀ ਪੌਸ਼ਟਿਕ ਬਗੀਚੀ ਦੀ ਸਥਾਪਨਾ ਤੋਂ ਪਹਿਲਾਂ ਹਮੇਸ਼ਾ ਫਲਾਂ ਦੇ ਪੌਦਿਆਂ ਦੀਆਂ ਕਿਸਮਾਂ ਦੀ ਚੋਣ ਅਤੇ ਲਾਉਣ ਦੇ ਸਮੇਂ ਨੂੰ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ ।**

ਪੌਸ਼ਟਿਕ ਬਗੀਚੀ ਲਈ ਮਹੱਤਵਪੂਰਨ ਪਹਿਲੂ ਸਹੀ ਫਲਾਂ ਦੇ ਪੌਦਿਆਂ ਦੀਆਂ ਵੱਖ-ਵੱਖ ਕਿਸਮਾਂ ਦੀ ਚੋਣ ਅਤੇ ਸਹੀ ਜਗ੍ਹਾ ਤੇ ਲਗਾਉਣਾ ਹੈ । ਇਸ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਫਲਾਂ ਦੇ ਪੌਸ਼ਟਿਕ ਬਾਗ ਦਾ ਮਾਡਲ ਤਿਆਰ ਕੀਤਾ ਗਿਆ ਹੈ । ਇਸ ਮਾਡਲ ਰਾਹੀਂ, 625 ਵਰਗ ਮੀਟਰ (25m×25m) ਦੇ ਖੇਤਰ ਵਿਚ 22 ਵੱਖ-ਵੱਖ ਕਿਸਮਾਂ ਦੇ ਫਲਾਂ ਦੇ ਰੁੱਖ ਉਗਾਏ ਜਾਂਦੇ ਹਨ । ਅੰਬ, ਲੀਚੀ, ਜਾਮੁਨ, ਸਪੋਟਾ ਆਦਿ ਬਹੁਤ ਉੱਚੇ ਰੁੱਖਾਂ ਨੂੰ ਘਰੇਲੂ ਬਗੀਚੀ ਦੇ ਉੱਤਰੀ ਹਿੱਸੇ ਵਿੱਚ ਲਗਾਉਣਾ ਚਾਹੀਦਾ ਹੈ । ਨਿੰਬੂ ਜਾਤੀ ਦੇ ਫਲ ਅਤੇ ਅਮਰੂਦ ਦੇ ਬੂਟੇ ਅੰਦਰਲੇ ਹਿੱਸੇ ਵਿਚ ਲਗਾਏ ਜਾ ਸਕਦੇ ਹਨ ਅਤੇ ਦੱਖਣ-ਪੂਰਬੀ ਹਿੱਸੇ ਵਿਚ ਸੇਬ, ਨਾਸ਼ਪਾਤੀ, ਆੜੂ ਅਤੇ ਅਨਾਰ ਆਦਿ ਪਤਝੜ ਵਾਲੇ ਫਲਾਂ ਦੇ ਰੁੱਖ ਲਗਾਏ ਜਾ ਸਕਦੇ ਹਨ । ਪਪੀਤੇ ਅਤੇ ਕੇਲੇ ਦੀ ਕਾਸ਼ਤ ਦੱਖਣੀ ਪਾਸੇ ਆਖਰੀ ਕਤਾਰ ਵਿਚ ਕੀਤੀ ਜਾ ਸਕਦੀ ਹੈ । ਇਸ ਦੇ ਨਾਲ ਹੀ ਪੌਸ਼ਟਿਕ ਬਗੀਚੀ ਦੀ ਸਥਾਪਨਾ ਤੋਂ ਪਹਿਲਾਂ ਹਮੇਸ਼ਾ ਫਲਾਂ ਦੇ ਪੌਦਿਆਂ ਦੀਆਂ ਕਿਸਮਾਂ ਦੀ ਚੋਣ ਅਤੇ ਲਾਉਣ ਦੇ ਸਮੇਂ ਨੂੰ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ । ਬਾਗ ਦੀ ਮੁੱਢਲੀ ਸਾਂਭ-ਸੰਭਾਲ, ਸਿਖਲਾਈ ਦੀ ਛਾਂਟੀ, ਖਾਦ ਦੀ ਵਰਤੋਂ, ਪਾਣੀ ਲਗਾਉਣਾ, ਕੀੜੇ-ਮਕੌੜੇ ਪ੍ਰਬੰਧਨ ਅਤੇ ਕਟਾਈ ਲਈ ਸਿਫਾਰਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ । ਸਦਾਬਹਾਰ ਫਲਾਂ ਵਾਲੇ ਪੌਦੇ ਜਿਵੇਂ ਕਿ ਨਿੰਬੂ ਜਾਤੀ ਦੇ ਪੌਦੇ, ਅੰਬ ਅਤੇ ਅਮਰੂਦ ਲੀਚੀ ਲਗਾਉਣ ਦਾ ਸਹੀ ਸਮਾਂ ਅਗਸਤ-ਸਤੰਬਰ ਤੇ ਫਰਵਰੀ-ਮਾਰਚ ਹੈ, ਪਤਝੜ ਵਾਲੇ ਫਲਾਂ ਵਾਲੇ ਰੁੱਖ ਸਰਦੀਆਂ ਵਿਚ ਲਗਾਏ ਜਾਂਦੇ ਹਨ, ਜਦੋਂ ਉਹ ਸੁਸਤ ਅਵਸਥਾ ਵਿਚ ਹੁੰਦੇ ਹਨ । ਇਹ ਪੌਦੇ ਨਵੇਂ ਫੁੱਲ ਸ਼ੁਰੂ ਹੋਣ ਤੋਂ ਪਹਿਲਾਂ ਜਨਵਰੀ ਦੇ ਅੱਧ ਤੱਕ ਲਗਾਏ ਜਾਣੇ ਚਾਹੀਦੇ ਹਨ, ਜਿਵੇਂ ਕਿ ਆੜੂ, ਬੇਰ ਅਤੇ ਨਾਸ਼ਪਾਤੀ ਨੂੰ ਅੱਧ ਫਰਵਰੀ ਤੱਕ ਲਗਾਇਆ ਜਾਂਦਾ ਹੈ । ਪੌਸ਼ਟਿਕ ਬਗੀਚੇ ਵਿਚ ਬੂਟੇ ਲਗਾਉਣ ਤੋਂ ਪਹਿਲਾਂ ਹਰੇਕ ਪੌਦੇ ਲਈ ਇਕ ਮੀਟਰ ਡੂੰਘੇ ਅਤੇ ਇੱਕ ਮੀਟਰ ਚੌੜੇ ਟੋਏ ਪੁੱਟੋ । ਇਨ੍ਹਾਂ ਟੋਇਆਂ ਵਿਚ ਉੱਪਰਲੀ ਮਿੱਟੀ ਅਤੇ ਰੂੜੀ ਬਰਾਬਰ ਮਾਤਰਾ ਵਿਚ ਪਾਓ । ਇਸ ਤੋਂ ਇਲਾਵਾ, ਪੌਸ਼ਟਿਕ ਬਾਗ ਵਿਚ ਜੈਵਿਕ ਤਰੀਕਿਆਂ ਦੀ ਵਰਤੋਂ ਕਰੋ ਜਿਵੇਂ ਕਿ ਨਦੀਨਾਂ ਤੋਂ ਬਚਾਅ ਲਈ ਮਲਚ ਅਤੇ ਤੂੜੀ/ਘਾਹ ਦੀ ਵਰਤੋਂ, ਖੇਤ ਦੇ ਲਈ ਰੂੜੀ ਖਾਦ, ਕੀੜੇ-ਮਕੌੜਿਆਂ ਦੀ ਰੋਕਥਾਮ ਫਰੂਟ ਫਲਾਈ ਟਰੈਪ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ ।

| ਲ.ਨੰ. | ਫਲ ਦਾ ਨਾਮ | ਸਿਫਾਰਸ਼ ਕਿਸਮਾਂ |
|---|---|---|
| 1. | ਆਂਵਲਾ | ਨੀਲਮ |
| 2. | ਬਿੱਲ | ਕਾਗਜ਼ੀ |
| 3. | ਕੇਲਾ | ਗਰੈਂਡ ਨੈਨ |
| 4. | ਬੇਰ | ਸਨੌਰ-2 |
| 5. | ਮਾਲਟਾ | ਬਲੱਡ ਰੈੱਡ, ਮੁਸੰਮੀ |
| 6. | ਅੰਜੀਰ | ਬਰਾਊਨ ਟਰਕੀ |
| 7. | ਚਕੋਤਰਾ | ਸਟਾਰਰੂਬੀ |
| 8. | ਅਮਰੂਦ | ਸ਼ਵੇਤਾ, ਪੰਜਾਬ ਕਿਰਨ, ਪੰਜਾਬ ਐਪਲ ਅਮਰੂਦ |
| 9. | ਜਾਮੁਨ | ਰੋਮਾ ਪ੍ਰਿੰਯਕਾ ਅਤੇ ਕੋਕਲ ਬਹਾਦੁਲੀ |
| 10. | ਕਰੋਂਦਾ | ਲੋਕਲ |
| 11. | ਨਿੰਬੂ | ਪੰਜਾਬ ਬਾਰਾਮਾਸੀ ਨਿੰਬੂ/ਕਾਗਜ਼ੀ |
| 12. | ਅਨਾਜ | ਭਗਵਾ |
| 13. | ਲੀਚੀ | ਦੇਹਰਾਦੂਨ |
| 14. | ਲੁਕਾਠ | ਗੋਲਡਨ ਯੈਲੋ |
| 15. | ਅੰਬ | ਅਮਰਪਾਲੀ, ਗੰਗੀਆਂ ਸੰਧੂਰੀ |
| 16. | ਚੀਕੂ | ਕਾਲੀਪੱਤੀ |
| 17. | ਪਪੀਤਾ | ਰੈੱਡ ਲੇਡੀ 786 |
| 18. | ਸੇਬ | ਡੋਰਸੇਟ ਗੋਲਡਨ ਅਤੇ ਅੰਨਾ |
| 19. | ਆੜੂ | ਸ਼ਾਨੇ-ਪੰਜਾਬ |
| 20. | ਫਾਲਸਾ | ਲੋਕਲ |
| 21. | ਅਲੂਚਾ | ਸਤਲੁਜ ਪਰਪਲ, ਕਾਲਾ ਅੰਮ੍ਰਿਤਸਰੀ |

ਇਸੇ ਤਰ੍ਹਾਂ ਹੀ ਪੌਸ਼ਟਿਕ ਵੈਜੀਟੇਬਲ ਗਾਰਡਨ ਲਈ ਮੁੱਖ ਮਹੱਤਵਪੂਰਨ ਪਹਿਲੂ ਪਾਣੀ ਦੇ ਸਰੋਤ ਦੇ ਨੇੜੇ ਇਕ ਧੁੱਪ ਵਾਲੀ ਥਾਂ ਦੀ ਚੋਣ ਕਰਨਾ ਹੈ, ਤਰਜੀਹੀ ਤੌਰ 'ਤੇ ਵਿਹੜੇ ਵਿਚ, ਤਾਂ ਜੋ ਪਰਿਵਾਰ ਆਪਣੇ ਵਿਹਲੇ ਸਮੇਂ ਵਿਚ ਆਸਾਨੀ ਨਾਲ ਬਾਗ ਵੱਲ ਧਿਆਨ ਦੇ ਸਕੇ । ਕੀਟਨਾਸ਼ਕਾਂ ਦੀ ਵਰਤੋਂ ਨੂੰ ਘਟਾਉਣ ਅਤੇ ਬੀਜਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਲਈ ਸਿਹਤ ਮੰਦ, ਰੋਗ ਮੁਕਤ ਬੀਜਾਂ ਦੀ ਵਰਤੋਂ ਕਰੋ ਅਤੇ ਰੋਧਕ ਕਿਸਮਾਂ ਉਗਾਓ । ਕੀੜਿਆਂ ਦੇ ਪ੍ਰਬੰਧਨ, ਮਿੱਟੀ ਨੂੰ ਸੁਧਾਰਨ ਅਤੇ ਸਬਜ਼ੀਆਂ ਦੀ ਨਿਰੰਤਰ ਸਪਲਾਈ ਨੂੰ ਯਕੀਨੀ ਬਣਾਉਣ ਲਈ ਹਰ ਸਾਲ ਇੱਕੋ ਜ਼ਮੀਨ 'ਤੇ ਤਿੰਨ ਵੱਖ-ਵੱਖ ਸਬਜ਼ੀਆਂ ਉਗਾਈਆਂ ਜਾ ਸਕਦੀਆਂ ਹਨ । ਮਿੱਟੀ ਨੂੰ ਡੂੰਘਾ ਵਾਹ ਕੇ ਨਦੀਨਾਂ ਹਟਾਉਣ ਦੇ ਨਾਲ ਨਾਲ ਖਾਦ ਪਾ ਕੇ ਮਿੱਟੀ ਤਿਆਰ ਕਰੋ ਅਤੇ ਲੋੜ ਪੈਣ ਤੇ ਰਸਾਇਣਕ ਖਾਦਾਂ ਦੀ ਵਰਤੋਂ ਕਰ ਸਕਦੇ ਹਾਂ । ਬਰਸਾਤ ਦੇ ਮੌਸਮ ਲਈ ਉੱਚੇ ਬੈੱਡ ਅਤੇ ਸਰਦੀਆਂ ਅਤੇ ਗਰਮੀਆਂ ਲਈ ਫਲੈਟ ਬੈੱਡ ਤਿਆਰ ਕਰੋ । ਪਾਲਕ, ਪਿਆਜ਼ ਅਤੇ ਲਸਣ ਵਰਗੀਆਂ ਸਬਜ਼ੀਆਂ ਨਾਲੋਂ ਕੱਦੂ ਜਾਤੀ ਦੀਆਂ ਸਬਜ਼ੀਆਂ, ਟਮਾਟਰ, ਮਿਰਚ ਅਤੇ ਬੈਂਗਣ ਨੂੰ ਪੌਦਿਆਂ ਦੇ ਵਿਚਕਾਰ ਵਧੇਰੇ ਫਾਸਲੇ ਦੀ ਲੋੜ ਹੁੰਦੀ ਹੈ, ਜੋ ਲਗਾਤਾਰ ਵਾਢੀ ਲਈ ਅੰਤਰਾਲਾਂ 'ਤੇ ਬੀਜੀ ਜਾਣੀ ਚਾਹੀਦੀ ਹੈ । ਕਮਜ਼ੋਰ ਤਣੇ ਵਾਲੀਆਂ ਫਸਲਾਂ ਜਿਵੇਂ ਕਿ ਟਮਾਟਰ ਅਤੇ ਕੱਦੂ ਜਾਤੀ ਦੀਆਂ ਸਬਜ਼ੀਆਂ ਨੂੰ ਵਧੀਆ ਫਲਾਂ ਦੀ ਗੁਣਵੱਤਾ ਲਈ ਸਹਾਰੇ ਦੀ ਲੋੜ ਹੁੰਦੀ ਹੈ । ਸਬਜ਼ੀਆਂ ਦੇ ਸ਼ੁਰੂਆਤੀ ਵਾਧੇ ਸਮੇਂ ਹੱਥੀ ਨਦੀਨਾਂ ਨੂੰ ਪੁੱਟ ਕੇ ਖੇਤ ਨੂੰ ਨਦੀਨਾਂ ਤੋਂ ਮੁਕਤ ਰੱਖੋ, ਬਾਅਦ ਵਿਚ ਨਦੀਨਾਂ ਨੂੰ ਰੋਕਣ ਲਈ ਫਸਲਾਂ ਦਾ ਵਾਧਾ ਸਮਰੱਥ ਹੋ ਜਾਂਦਾ ਹੈ । ਕੀੜੇ ਮਕੌੜਿਆਂ ਦੇ ਪ੍ਰਭਾਵ ਹੇਠ ਆਏ ਬੂਟਿਆਂ ਨੂੰ ਪੁੱਟ ਕੇ ਦੱਬ ਦਿਓ ਅਤੇ ਰਸ ਚੂਸਣ ਬਾਰੇ ਕੀੜਿਆਂ ਨੂੰ ਪਾਣੀ ਦੇ ਤੇਜ਼ ਸਪਰੇ ਨਾਲ ਘੱਟ ਕੀਤਾ ਜਾ ਸਕਦਾ ਹੈ । ਲੋੜ ਪੈਣ 'ਤੇ ਨਿੰਮ ਘੋਲ ਦੇ ਦੁਆਰਾ ਕੀਟਨਾਸ਼ਕਾਂ ਦੀ ਵਰਤੋਂ ਘੱਟ ਤੋਂ ਘੱਟ ਕਰੋ । ਪੱਤੇਦਾਰ ਸਬਜ਼ੀਆਂ ਨੂੰ ਨਿਯਮਿਤ ਤੌਰ 'ਤੇ ਕੱਟਿਆ ਜਾਂਦਾ ਹੈ ਕਿਉਂਕਿ ਉਹ ਵਧਦੀਆਂ ਰਹਿੰਦੀਆਂ ਹਨ, ਇਹ ਯਕੀਨੀ ਬਣਾਉ ਕਿ ਵਧ ਰਹੀ ਟਿਪ ਨੂੰ ਨੁਕਸਾਨ ਨਾ ਹੋਵੇ । ਟਮਾਟਰ ਜਿਸ ਸਮੇਂ ਪੂਰੀ ਤਰ੍ਹਾਂ ਲਾਲ ਅਤੇ ਨਰਮ ਹੋ ਜਾਣ ਤੋੜ ਲੈਣੇ ਚਾਹੀਦੇ ਹਨ । ਸਬਜ਼ੀਆਂ ਜਿਵੇਂ ਕਿ ਕੱਦੂ ਜਾਤੀ ਦੀਆਂ ਸਬਜ਼ੀਆਂ, ਭਿੰਡੀ ਅਤੇ ਮਟਰ ਹਰੇ ਅਤੇ ਨਰਮ ਹੋਣ 'ਤੇ ਕਟਾਈ ਕਰੋ । ਜੜ੍ਹ ਵਾਲੀਆਂ ਫਸਲਾਂ ਦੀ ਪੁਟਾਈ ਉਦੋਂ ਕੀਤੀ ਜਾਂਦੀ ਹੈ ਜਦੋਂ ਨਰਮ ਅਤੇ ਸਿਖਰ ਦੇ ਨੇੜੇ ਲਗਭਗ 3-4 ਸੈਂਟੀਮੀਟਰ ਮੋਟਾ ਹੁੰਦਾ ਹੈ । ਇੱਕ ਜਾਂ ਦੋ ਪੱਕੇ ਹੋਏ ਫਲਾਂ ਨੂੰ ਪੱਕਣ ਦਿਓ, ਉਹਨਾਂ ਦੇ ਬੀਜਾਂ ਨੂੰ ਇੱਕ ਜਾਂ ਦੋ ਦਿਨਾਂ ਲਈ ਛਾਂ ਵਿਚ ਰੱਖੋ ਅਤੇ ਸੁਕਾਓ, ਫਿਰ ਉਹਨਾਂ ਨੂੰ ਲੇਬਲ ਵਾਲੇ ਕਾਗਜ਼ ਦੇ ਥੈਲਿਆਂ ਵਿਚ ਇਕ ਠੰਡੀ, ਸੁੱਕੀ ਜਗ੍ਹਾ ਵਿਚ ਸਟੋਰ ਕਰੋ ।

| ਪੌਸ਼ਟਿਕ ਸਬਜ਼ੀ ਬਗੀਚੀ ਲਈ ਸਿਫਾਰਸ਼ ਕੀਤੀ ਗਈਆਂ ਸਬਜ਼ੀਆਂ | |
|---|---|
| ਸਬਜ਼ੀ | ਕਤਾਰਾਂ ਅਤੇ ਪੌਦਿਆਂ ਵਿਚ-ਕਾਰ ਦੂਰੀ (ਸੈਂ. ਮੀ.) |
| ਘੀਆ ਕੱਦੂ | 80×45 |
| ਪਿਆਜ਼ | 15×7.5 |
| ਮੂਲੀ | 45×7.5 |
| ਲਸਣ | 15×7.5 |
| ਸਲਾਦ | 45×30 |
| ਕਰੇਲਾ | 80×45 |
| ਧਨੀਆ | 15×10 |
| ਬੈਂਗਣ | 80×30 |
| ਸੇਮਫਲੀ | 45×30 |
| ਸ਼ਲਗਮ | 45×7.5 |
| ਮਿਰਚ | 60×45 |
| ਘੀਆ ਤੋਰੀ | 80×45 |
| ਮੇਥੀ | 15×10 |
| ਚੁਲਾਈ | 45×30 |
| ਟੀਂਡਾ | 80×45 |
| ਪਾਲਕ | 15×5 |
| ਗਾਜਰ | 45×7.5 |
| ਲੋਬੀਆ | 30×15 |
| ਟਮਾਟਰ | 80×30 |
| ਪੁਦੀਨਾ | 15×15 |
| ਚੀਨੀਸਰ੍ਹੋਂ, ਪੱਤਾਗੋਭੀ | 30×20/ 45×30 |
| ਤਰ | 80×30 |
| ਕੈਂਗਕੌਂਗ | 20×20 |
| ਫੁੱਲ ਗੋਭੀ | 45×30 |
| ਸਰ੍ਹੋਂ ਦਾ ਸਾਗ | 15×10 |
| ਮਟਰ | 30×7.5 |
| ਭਿੰਡੀ | 45×15 |
| ਬਸੇਲਾ | 20×20 |
| ਘੀਆ ਕੱਦੂ | 80×45 |
| ਬਰੋਕਲੀ | 45×30 |
| ਖੀਰਾ | 80×30 |
| ਸ਼ਿਮਲਾ ਮਿਰਚ | 60×30 |
| ਚੱਪਣ ਕੱਦੂ | 80×45 |

ਪੌਸ਼ਟਿਕ ਵੈਜੀਟੇਬਲ ਗਾਰਡਨ ਲਗਾਉਣ ਲਈ 200 ਰੁਪਏ ਦੀ ਬੀਜ ਕਿੱਟ 100 ਰੁਪਏ ਦੀ ਪਨੀਰੀ ਦੇ ਨਾਲ-ਨਾਲ 500 ਰੁਪਏ ਦੀਆਂ ਖਾਦਾਂ ਦੇ ਨਿਵੇਸ਼ ਦੀ ਲੋੜ ਹੁੰਦੀ ਹੈ ।



ਇਸ ਦੇ ਨਾਲ ਨਾਲ ਪਰਿਵਾਰ ਦੇ ਮੈਂਬਰ ਹਰ ਹਫਤੇ ਪੰਜ ਤੋਂ ਛੇ ਘੰਟੇ ਸਬਜ਼ੀਆਂ ਦੀ ਸਾਂਭ-ਸੰਭਾਲ ਵਿਚ ਮਸਰੂਫ ਰਹਿੰਦੇ ਹਨ । ਪੌਸ਼ਟਿਕ ਵੈਜੀਟੇਬਲ ਗਾਰਡਨ ਦੀ ਚੰਗੀ ਤਰ੍ਹਾਂ ਦੇਖਭਾਲ ਕਰਨ ਨਾਲ ਵਧੇਰੇ ਸਬਜ਼ੀਆਂ ਮਿਲਦੀਆਂ ਹਨ, ਪਰਿਵਾਰਕ ਭੋਜਨ ਵਧਾਉਂਦਾ ਹੈ ਅਤੇ ਇਸ ਦੇ ਨਾਲ ਕਰਿਆਨੇ ਦੀਆਂ ਲਾਗਤਾਂ ਨੂੰ ਘੱਟ ਕਰਦਾ ਹੈ ।

# ਸਤੰਬਰ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ ।

**ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।**

**ਵਣ ਖੇਤੀ : ਪਾਪਲਰ** : ਤਾਪਮਾਨ ਘਟਣ ਕਰਕੇ ਪਾਣੀ ਹਫਤੇ ਦੀ ਬਜਾਏ ਪੰਦਰਾਂ ਦਿਨ ਬਾਅਦ ਲਗਾਉਣਾ ਚਾਹੀਦਾ ਹੈ । ਤਿੰਨ ਸਾਲ ਤੋਂ ਘੱਟ ਉਮਰ ਦੇ ਪਾਪਲਰ ਹੇਠਾਂ ਪੱਤਝੜ ਕਮਾਦ ਨੂੰ ਲਗਾਇਆ ਜਾ ਸਕਦਾ ਹੈ । ਚਾਰੇ ਲਈ ਮੱਕੀ, ਚਰ੍ਹੀ ਅਤੇ ਬਾਜਰਾ ਦੀ ਫਸਲ ਤਿੰਨ ਸਾਲ ਤੱਕ ਦੇ ਪਾਪਲਰ ਵਿਚ ਲਾਈ ਜਾ ਸਕਦੀ ਹੈ । ਪਾਪਲਰ ਦੀ ਨਰਸਰੀ ਤੇ ਪੱਤੇ ਖਾਣ ਵਾਲੀਆਂ ਸੁੰਡੀਆਂ ਦੇ ਹਮਲੇ ਦਾ ਸਮਾਂ ਹੈ । ਇਨ੍ਹਾਂ ਦੀ ਰੋਕਥਾਮ ਲਈ ਹਮਲੇ ਵਾਲੇ ਪੱਤਿਆਂ ਨੂੰ ਤੋੜ ਤੇ ਸਾੜ ਦੇਣਾ ਚਾਹੀਦਾ ਹੈ ।

**ਸਫੈਦਾ** : ਇਸ ਮਹੀਨੇ ਦੇ ਪਹਿਲੇ ਪੰਦਰਵਾੜੇ ਤੱਕ ਸਫੈਦੇ ਦੀ ਨਰਸਰੀ ਬੀਜੀ ਜਾ ਸਕਦੀ ਹੈ ।



ਉੱਚੀਆਂ ਕਿਆਰੀਆਂ ਅਤੇ 10 ਸੈਂਟੀਮੀਟਰ ਫਾਸਲੇ ਤੇ ਲਕੀਰਾਂ ਵਿਚ ਜਾਂ ਛੱਟਾ ਦੇ ਕੇ ਨਰਸਰੀ ਬੀਜ ਦਿਓ । ਕਿਆਰੀਆਂ ਨੂੰ ਘਾਹ ਦੇ ਬਣੇ ਛੱਪਰ ਨਾਲ ਢੱਕ ਦਿਓ ਅਤੇ ਫੁਹਾਰੇ ਨਾਲ ਪਾਣੀ ਸਪਰੇਅ ਕਰਦੇ ਰਹੋ ਤਾਂ ਜੋ ਮਿੱਟੀ ਦੀ ਸਤਹਿ ਗਿੱਲੀ ਰਹੇ । ਬੀਜ ਦੇ ਜੰਮਣ ਤੋਂ ਬਾਅਦ ਜਦੋਂ ਪਨੀਰੀ ਦੇ 3-4 ਪੱਤੇ ਨਿਕਲ ਆਉਣ ਤਾਂ ਇਨ੍ਹਾਂ ਨੂੰ ਪਾਲੀਥੀਨ ਦੇ ਲਿਫਾਫਿਆਂ (9'' × 6'' ਆਕਾਰ) ਵਿਚ ਜੋ ਕਿ ਨਰਸਰੀ ਦੀ ਮਿੱਟੀ ਅਤੇ ਗਲੀ ਸੜੀ ਰੂੜੀ ਦੇ 1 : 1 ਦੇ ਅਨੁਪਾਤ ਵਿਚ ਬਣਾਈ ਹੋਈ ਮਿਸ਼ਰਣ ਨਾਲ ਭਰੇ ਹੋਣ, ਵਿਚ ਬਦਲ ਦਿਓ । ਇਹ ਪਨੀਰੀ ਮਾਰਚ ਤੱਕ ਲਗਾਉਣ ਯੋਗ ਹੋ ਜਾਂਦੀ ਹੈ ।

**ਸ਼ਹਿਦ ਦੀਆਂ ਮੱਖੀਆਂ ਪਾਲਣਾ** : ਜੇਕਰ ਉਪਲੱਭਧ ਫੁੱਲਾਂ ਤੋਂ ਨੈਕਟਰ ਆ ਰਿਹਾ ਹੋਵੇ ਤਾਂ ਲੋੜ ਮੁਤਾਬਕ ਹੋਰ ਬਣੇ ਹੋਏ ਛੱਤੇ ਜਾਂ ਬੁਨਿਆਦੀ ਸ਼ੀਟਾਂ ਲੱਗੀਆਂ ਫਰੇਮਾਂ ਅਤੇ ਸੁਪਰ ਚੈਂਬਰ ਦਿਓ ।



ਜੇਕਰ ਫਸਲਾਂ ਤੋਂ ਵਾਧੂ ਨੈਕਟਰ ਆ ਰਿਹਾ ਹੋਵੇ ਤਾਂ ਕਟੁੰਬਾਂ ਵਿੱਚੋਂ ਪੱਕਿਆ ਹੋਇਆ (ਸੀਲ) ਸ਼ਹਿਦ ਬਰੂਡ-ਰਹਿਤ ਛੱਤਿਆਂ ਵਿੱਚੋਂ ਕੱਢ ਲਿਆ ਜਾਣਾ ਚਾਹੀਦਾ ਹੈ । ਸ਼ਹਿਦ ਕੱਢਣ ਦੌਰਾਨ ਅਤੇ ਉਪਰੰਤ ਲੋੜੀਂਦੇ ਰੋਬਿੰਗ ਰੋਕੂ ਸਾਵਧਾਨੀਆਂ ਵਰਤੋ । ਬਾਹਰੀ ਪ੍ਰਜੀਵੀ ਬਰੂਡ ਮਾਈਟ (ਟਰੋਪਲੀਲੈਪਸ ਕਲੈਰੀ) ਦੇ ਹਮਲੇ ਦੀ ਹੋਂਦ ਵਿੱਚ ਛੱਤਿਆਂ ਦੀਆਂ ਉੱਪਰਲੀਆਂ ਡੰਡੀਆਂ (ਟਾਪ ਬਾਰ) ਉੱਤੇ ਗੰਧਕ ਦਾ ਧੂੜਾ ਇੱਕ ਗ੍ਰਾਮ ਪ੍ਰਤੀ ਛੱਤੇ ਦੇ ਹਿਸਾਬ ਨਾਲ ਧੂੜੋ । ਢੁੱਕਵੇਂ ਬਦਲਾਅ ਦੇ ਤੌਰ ਤੇ ਫਾਰਮਿਕ ਐਸਿਡ (85%) ਦੀ ਧੂਣੀ ਪੰਜ ਮਿਲੀਲਿਟਰ ਹਰ-ਰੋਜ਼ ਦੇ ਹਿਸਾਬ ਨਾਲ ਲਗਾਤਾਰ ਦੋ ਹਫਤੇ ਵਰਤੋ । ਫਾਰਮਿਕ ਐਸਿਡ ਵਰੋਆ ਚਿੱਚੜੀ ਦੀ ਰੋਕਥਾਮ ਲਈ ਵੀ ਫਾਇਦੇਮੰਦ ਹੈ, ਪਰ ਇਸਦੀ ਵਰਤੋਂ ਨੈਕਟਰ ਦੀ ਆਮਦ ਦੌਰਾਨ ਨਹੀਂ ਕਰਨੀ ਚਾਹੀਦੀ । ਵਰੋਆ ਚਿੱਚੜੀ ਦਾ ਹਮਲਾ ਹੋਣ ਦੀ ਸੂਰਤ ਵਿੱਚ ਫਾਰਮਿਕ ਐਸਿਡ ਦੀ ਵਰਤੋਂ ਦੇ ਨਾਲ ਸੀਲ ਡਰੋਨ ਬਰੂਡ ਵਾਲੇ ਛੱਤਿਆਂ ਦੇ ਹਿੱਸਿਆਂ ਨੂੰ ਕੱਟ ਕੇ ਨਸ਼ਟ ਕਰਨਾ, ਪੀਸੀ ਖੰਡ ਦੇਰ ਸ਼ਾਮ ਵੇਲੇ ਹਰ ਦੋ ਛੱਤਿਆਂ ਦੇ ਵਿਚਾਲਿਉਂ 1.5 ਗ੍ਰਾਮ ਪ੍ਰਤੀ ਛੱਤੇ ਦੇ ਹਿਸਾਬ ਨਾਲ ਮੱਖੀਆਂ ਉੱਪਰ ਧੂੜਨਾ, ਬੌਟਮ ਬੋਰਡ ਉੱਤੇ ਚਿਪਕਣ ਵਾਲਾ ਕਾਗਜ਼ (ਸਟੀਕਰ) ਰੱਖਣਾ ਅਤੇ ਜਾਲੀਦਾਰ ਵਰੋਆ ਬੌਟਮ ਬੋਰਡ ਵਰਤਣਾ, ਜਿਹੇ ਗੈਰ-ਰਸਾਇਣਕ ਤਰੀਕੇ ਇਸ ਚਿੱਚੜੀ ਦੀ ਰੋਕਥਾਮ ਲਈ ਸਹਾਈ ਹੁੰਦੇ ਹਨ । ਅਰਜੈਲਿਕ ਐਸਿਡ ਦਾ ਘੋਲ (4.2%, ਖੰਡ ਦੇ ਪਾਣੀ ਵਿੱਚ 60 ਪ੍ਰਤੀਸ਼ਤ ਤਿਆਰ ਘੋਲ ਵਿੱਚ) ਤਿਆਰ ਕਰਕੇ ਹਫਤੇ-ਹਫਤੇ ਦੇ ਵਕਫੇ ਤੇ ਤਿੰਨ ਵਾਰ ਦੇਰ ਸ਼ਾਮ ਨੂੰ ਮੱਖੀਆਂ ਉੱਤੇ 5 ਮਿਲੀਲਿਟਰ ਪ੍ਰਤੀ ਛੱਤੇ ਦੇ ਹਿਸਾਬ ਨਾਲ ਸਪਰੇਅ ਕਰਨ ਨਾਲ ਵੀ ਇਸ ਚਿੱਚੜੀ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਪੰਜ ਮਿਲੀਲਿਟਰ ਉਪਰੋਕਤ ਘੋਲ ਨੂੰ ਦੋ ਛੱਤਿਆਂ ਵਿਚਾਲੇ ਸਰਿੰਜ ਨਾਲ ਵੀ ਮੱਖੀਆਂ ਉੱਪਰ ਵਰਤਿਆ ਜਾ ਸਕਦਾ ਹੈ । ਬਰੂਡ ਬੀਮਾਰੀਆਂ ਬਾਰੇ ਸੁਚੇਤ ਰਹੋ ਅਤੇ ਇਨ੍ਹਾਂ ਦੇ ਸ਼ੱਕ ਹੋਣ ਦੀ ਸੂਰਤ ਵਿੱਚ ਮਾਹਿਰਾਂ ਦੀ ਸਲਾਹ ਲਉ ਅਤੇ ਸੁਝਾਏ ਰੋਕਥਾਮ ਉਪਰਾਲੇ ਕਰੋ । ਗੈਰ-ਰਸਾਇਣਕ ਤਰੀਕਿਆਂ ਨੂੰ ਤਰਜੀਹ ਦਿਉ । ਸ਼ੱਕੀ ਕਟੁੰਬ ਨੂੰ ਤੰਦਰੁਸਤ ਕਟੁੰਬਾਂ ਨਾਲੋਂ ਅੱਡ ਕਰ ਦਿਉ । ਕਟੁੰਬਾਂ ਵਿੱਚ ਢੁੱਕਵੀਂ ਵਿੱਥ ਰੱਖ ਕੇ ਅਤੇ ਸ਼ਹਿਦ ਸਿਰਫ ਸੁਪਰਾਂ ਵਿਚੋਂ ਕੱਢ ਕੇ, ਜੋ ਕਿ ਰਾਣੀ ਨਿਖੇੜੂ ਜਾਲੀ ਦੁਆਰਾ ਬਰੂਡ ਚੈਂਬਰ ਨਾਲੋਂ ਅੱਡ ਕੀਤੇ ਹੋਣ, ਸ਼ਹਿਦ ਮੱਖੀ ਫਾਰਮ ਵਿੱਚ ਚਿਚੜੀ ਅਤੇ ਬਰੂਡ ਬਿਮਾਰੀਆਂ ਦੇ ਫੈਲਾਅ ਨੂੰ ਠੱਲ੍ਹ ਪਾਇਆ ਜਾ ਸਕਦਾ ਹੈ । ਕਟੁੰਬਾਂ ਨੂੰ ਮੋਮੀ ਕੀੜੇ ਦੇ ਹਮਲੇ ਤੋਂ ਬਚਾਉਣ ਲਈ ਇਨ੍ਹਾਂ ਨੂੰ ਤਕੜਾ ਰੱਖੋ ਅਤੇ ਲੋੜੀਂਦੇ ਸ਼ਹਿਦ ਮੱਖੀ ਫਾਰਮ ਪ੍ਰਬੰਧ ਅਪਣਾਉ । ਸਟੋਰ ਕੀਤੇ ਹੋਏ ਛੱਤਿਆਂ ਤੇ ਮੋਮੀ ਕੀੜੇ ਦੇ ਹਮਲੇ ਦੀ ਸੂਰਤ ਵਿੱਚ ਗੰਧਕ ਦੀ ਧੂਣੀ ਦਿਓ । ਨੈਕਟਰ ਜਾਂ ਪੋਲਣ ਫੁੱਲਾਂ ਦੀ ਅਣਹੋਂਦ ਹੋਣ ਦੀ ਸੂਰਤ ਵਿੱਚ ਲੋੜ ਅਨੁਸਾਰ ਕਟੁੰਬਾਂ ਨੂੰ ਖੰਡ ਦਾ ਘੋਲ (ਖੰਡ : ਪਾਣੀ = 1 : 1) ਦਿਉ ਅਤੇ ਰੌਬਿੰਗ ਤੋਂ ਬਚਾਅ ਅਤੇ ਰੋਕਣ ਦੇ ਉਪਰਾਲੇ ਕਰੋ । ਪਰਾਗ ਦੀ ਆਮਦ ਹੋਣ, ਡਰੋਨ ਬਰੂਡ ਪੈਣ ਅਤੇ ਮੌਸਮ ਸੁਖਾਵਾਂ ਹੋਣ ਦੀ ਸੂਰਤ ਵਿੱਚ ਕਟੁੰਬਾਂ ਦੇ ਵਾਧੇ ਲਈ ਅਤੇ ਪੁਰਾਣੀਆਂ ਰਾਣੀਆਂ ਤਬਦੀਲ ਕਰਨ ਲਈ ਨਵੀਆਂ ਰਾਣੀ ਮੱਖੀਆਂ ਤਿਆਰ ਕੀਤੀਆਂ ਜਾ ਸਕਦੀਆਂ ਹਨ । ਇਸ ਮੰਤਵ ਲਈ ਕਿਸੇ ਚੰਗੇ ਰਵੇ ਦੇ ਕਟੁੰਬਾਂ ਤੋਂ ਜ਼ਿਆਦਾ ਸਮਕਾਲੀ ਰਾਣੀ ਮੱਖੀਆਂ ਤਿਆਰ ਕਰਨ ਵਾਲੇ ਢੰਗ ਨੂੰ ਅਪਣਾ ਕੇ ਲੋੜੀਂਦੀਆਂ ਰਾਣੀਆਂ ਮੱਖੀਆਂ ਤਿਆਰ ਕੀਤੀਆਂ ਜਾ ਸਕਦੀਆਂ ਹਨ । ਵਧੇਰੇ ਜਾਣਕਾਰੀ ਲਈ ਸ਼ਹਿਦ ਮੱਖੀ ਮਾਹਿਰਾਂ ਨੂੰ ਸੰਪਰਕ ਕਰੋ ।

**ਖੁੰਬਾਂ ਦੀ ਕਾਸ਼ਤ** : ਇਸ ਮਹੀਨੇ ਦੇ ਦੂਜੇ ਤੀਜੇ ਹਫਤੇ ਦੌਰਾਨ ਬਟਨ ਖੁੰਬ ਦੀ ਕਾਸ਼ਤ ਲਈ ਖੇਤੀਬਾੜੀ ਯੂਨੀਵਰਸਿਟੀ ਦੀ ਸਿਫਾਰਸ਼ ਅਨੁਸਾਰ ਤੂੜੀ ਜਾਂ ਤੂੜੀ : ਪਰਾਲੀ (1 : 1) ਦੀ ਵਰਤੋਂ ਕਰਕੇ ਕੰਪੋਸਟ ਬਣਾਉਣਾ ਸ਼ੁਰੂ ਕਰ ਦਿਓ । ਕੰਪੋਸਟ ਦੇ ਪੂਰੀ ਤਰ੍ਹਾਂ ਤਿਆਰ ਹੋਣ ਦੇ ਸਮੇਂ ਅਨੁਸਾਰ ਬਟਨ ਖੁੰਬ ਦੇ ਬੀਜ ਦੀ ਬੁਕਿੰਗ ਕਰਵਾ ਦਿਓ । ਮਿਲਕੀ ਅਤੇ ਪਰਾਲੀ ਖੁੰਬ ਦੀ ਕਾਸ਼ਤ ਤੋਂ ਬਾਅਦ ਇਹਨਾਂ ਦੀ ਰਹਿੰਦ-ਖੂੰਹਦ ਨੂੰ ਖੁੰਬ ਘਰ ਤੋਂ ਹਵਾ ਦਿਓ । ਨਵੀਂ ਫਸਲ ਦੀ ਤਿਆਰੀ ਲਈ ਖੁੰਬ ਘਰ ਨੂੰ 4-5% ਫਾਰਮਲਿਨ ਛਿੜਕ ਕੇ ਚੰਗੀ ਤਰ੍ਹਾਂ ਸਾਫ ਕਰ ਦਿਓ । ਇਸ ਮਹੀਨੇ ਦੇ ਦੂਜੇ ਤੀਜੇ ਹਫਤੇ ਢੀਂਗਰੀ ਖੁੰਬ ਦੀ ਕਾਸ਼ਤ ਤੂੜੀ ਜਾਂ ਤੂੜੀ : ਪਰਾਲੀ (1 : 1) ਦੀ ਵਰਤੋਂ ਕਰਕੇ ਸ਼ੁਰੂ ਕੀਤੀ ਜਾ ਸਕਦੀ ਹੈ ।

**ਡੇਅਰੀ ਫਾਰਮਿੰਗ** : ਤੰਦਰੁਸਤ ਪਸ਼ੂ ਸੂਣ ਤੋਂ 19-22 ਦਿਨਾਂ ਬਾਅਦ ਹੇਹੇ ਵਿੱਚ ਆਉਂਦਾ



ਹੈ । ਇਹੋ ਜਿਹੇ ਪਸ਼ੂਆਂ ਨੂੰ ਹੇਹੇ ਦੀਆਂ ਨਿਸ਼ਾਨੀਆਂ ਵਾਸਤੇ ਗੌਰ ਨਾਲ ਵੇਖੋ ਅਤੇ 2 ਤੋਂ 3 ਮਹੀਨੇ ਦੇ ਅੰਦਰ ਅੰਦਰ ਬੋਲਣ ਦੇ 12 ਤੋਂ 18 ਘੰਟੇ ਦੇ ਵਿਚਕਾਰ ਆਸ ਕਰਵਾਉ ਜਾਂ ਮਨਸੂਈ ਗਰਭਦਾਨ ਦਾ ਟੀਕਾ ਲਗਾਉ ਤਾਂ ਜੋ ਦੋ ਸੂਇਆਂ ਦੇ ਵਿਚਕਾਰਲਾ ਫਰਕ ਘਟਾਇਆ ਜਾ ਸਕੇ ।

★ ਸੂਣ ਤੋਂ ਬਾਅਦ ਪਸ਼ੂਆਂ ਦਾ ਭਾਰ ਘਟਦਾ ਹੈ ਜਿਸ ਕਰਕੇ ਹੇਹੇ ਵਿੱਚ ਦੇਰੀ ਨਾਲ ਆਉਂਦੇ ਹਨ । ਇਸ ਕਰਕੇ ਉਨ੍ਹਾਂ ਨੂੰ ਸੰਤੁਲਿਤ ਖੁਰਾਕ ਅਤੇ ਉਨ੍ਹਾਂ ਦੀ ਸਹੀ ਸਾਂਭ-ਸੰਭਾਲ ਹੋਣੀ ਚਾਹੀਦੀ ਹੈ ।

★ ਤਾਜ਼ੇ ਸੂਏ ਅਤੇ ਦੁਧਾਰੂ ਪਸ਼ੂਆਂ ਨੂੰ ਸੁੱਕੇ ਮਾਦੇ ਦੇ ਆਧਾਰ ਤੇ ਖੁਰਾਕ ਦਿਓ । ਸੁੱਕਾ ਮਾਦਾ ਦੀ ਮਾਤਰਾ ਪਤਾ ਕਰਨ ਲਈ ਪਸ਼ੂ ਦੇ ਭਾਰ ਦਾ 2% ਅਤੇ ਦੁੱਧ ਦੀ ਮਾਤਰਾ ਦਾ ਇਕ ਤਿਹਾਈ ਹਿੱਸਾ ਜੋੜ ਕੇ ਪਸ਼ੂ ਲਈ ਸੁੱਕਾ ਮਾਦਾ ਪੂਰਾ ਕਰੋ । ਗਾਵਾਂ ਨੂੰ ਇੱਕ ਖੁਰਾਕ 2.5 ਲਿਟਰ ਦੁੱਧ ਪਿੱਛੇ ਅਤੇ ਮੱਝਾਂ ਨੂੰ 2 ਲਿਟਰ ਪਿਛੇ ਦਿਓ

★ ਕੱਟੜੂਆਂ-ਵੱਛੜੂਆਂ ਥੱਲੇ ਸੁੱਕੀ ਸੁੱਕ ਪਾਓ (ਪਰਾਲੀ) ਅਤੇ ਸਮੇਂ ਸਿਰ ਮਲ੍ਹੱਪ ਰਹਿਤ ਟੀਕਾਕਰਨ ਅਤੇ ਸਿੰਗ ਦਾਗੋ ।

★ ਚਿੱਚੜਾਂ ਤੋਂ ਬਚਾਉ ਲਈ ਬੂਟੋਕਸ 2 ਮਿ.ਲਿ. ਪ੍ਰਤੀ ਲਿਟਰ ਪਾਣੀ ਪਸ਼ੂਆਂ ਅਤੇ ਸ਼ੈੱਡ ਵਿੱਚ ਸਪਰੇਅ ਕਰੋ । ਛੇ ਮਹੀਨੇ ਤੋਂ ਛੋਟੇ ਕੱਟੜੂਆਂ ਉੱਪਰ ਸਪਰੇਅ ਨਾ ਕਰੋ । ਸਪਰੇਅ ਕਰਨ ਲੱਗਿਆਂ ਕੰਪਨੀ ਦੀਆਂ ਹਦਾਇਤਾਂ ਜ਼ਰੂਰ ਪੜ੍ਹੋ ਅਤੇ ਪਾਲਣਾ ਕਰੋ । ਮੱਖੀਆਂ ਤੋਂ ਬਚਾਉ ਲਈ ਸ਼ੈੱਡ ਅਤੇ ਆਲੇ-ਦੁਆਲੇ ਸਫਾਈ ਰੱਖੋ ।

★ ਸਰਾ ਰੋਗ ਤੋਂ ਬਚਾਉ ਲਈ ਛੇਤੀ ਤੋਂ ਛੇਤੀ ਡਾਕਟਰ ਨਾਲ ਸੰਪਰਕ ਕਰੋ ਕਿਉਂਕਿ ਇਹ ਬਿਮਾਰੀ ਮੱਖੀਆਂ ਨਾਲ ਫੈਲਦੀ ਹੈ । ਸੋ ਮੱਖੀਆਂ ਤੋਂ ਬਚਾਉ ਲਈ ਸਪਰੇਅ ਕਰੋ ।

★ ਮਲੱਪਾਂ ਤੋਂ ਬਚਾਉਣ ਲਈ ਪਸ਼ੂਆਂ ਨੂੰ ਸਮੇਂ-ਸਮੇਂ ਸਿਰ ਮਲੱਪ ਰਹਿਤ ਕਰਦੇ ਰਹਿਣਾ ਚਾਹੀਦਾ ਹੈ ।

★ ਸਤੰਬਰ ਦੇ ਅਖੀਰ ਵਿਚ ਬਰਸੀਮ ਅਤੇ ਹੋਰ ਚਾਰਿਆਂ ਦੀ ਬਿਜਾਈ ਲਈ ਖੇਤ ਤਿਆਰ ਕਰੋ ।

★ ਲੇਵੇ ਦੀ ਸੋਜ ਤੋਂ ਬਚਾਉਣ ਲਈ ਥਣਾਂ ਨੂੰ 75 ਮਿ.ਲਿ. ਪੋਵੀਡੀਨ+25 ਮਿ.ਲਿ. ਗਲਿਸਰੀਨ ਵਿੱਚ ਡੋਬਾ ਜ਼ਰੂਰ ਦਿੰਦੇ ਰਹਿਣਾ ਚਾਹੀਦਾ ਹੈ ।

★ ਸੂਣ ਵਾਲੇ ਪਸ਼ੂਆਂ ਨੂੰ ਸੂਣ ਤੋਂ ਘੱਟੋ-ਘੱਟ 15 ਦਿਨ ਪਹਿਲਾਂ ਬਾਕੀ ਪਸ਼ੂਆਂ ਨੂੰ ਅਲੱਗ ਕਰ ਦਿਓ ।



**ਮੁਰਗੀ ਪਾਲਣ :**

- ★ ਅੰਡਿਆਂ ਦੀ ਪੈਦਾਵਾਰ ਵਿੱਚ ਰੌਸ਼ਨੀ ਦਾ ਮਹੱਤਵਪੂਰਨ ਹਿੱਸਾ ਹੈ । ਮੁਰਗੀਆਂ ਨੂੰ 14-16 ਘੰਟੇ (ਦਿਨ ਦੀ ਰੌਸ਼ਨੀ ਮਿਲਾ ਕੇ) ਰੌਸ਼ਨੀ ਦੇਣੀ ਚਾਹੀਦੀ ਹੈ ਅਤੇ ਸ਼ੁਰੂ ਹੋਣ ਤੋਂ ਬਾਅਦ ਇਹ ਰੌਸ਼ਨੀ ਹੌਲੀ-ਹੌਲੀ ਵਧਾਉਣੀ ਚਾਹੀਦੀ ਹੈ ।
- ★ ਅੰਡੇ ਦਾ ਛਿਲਕਾ ਪਤਲਾ ਨਾ ਹੋਵੇ ਇਸ ਲਈ 5 ਗ੍ਰਾਮ ਪੱਥਰ ਪ੍ਰਤੀ ਪੰਛੀ ਕਰ ਦੇਣਾ ਚਾਹੀਦਾ ਹੈ ।
- ★ ਹਫਤੇ ਵਿੱਚ ਸੁੱਕ ਨੂੰ 2-3 ਵਾਰੀ ਹਿਲਾਉਣਾ ਚਾਹੀਦਾ ਹੈ ਤਾਂ ਜੋ ਸੁੱਕ ਸੁੱਕੀ ਰਹਿ ਸਕੇ ।
- ★ ਮੀਟ ਵਾਲੇ ਚੂਚੇ ਪਾਲਣ ਲਈ ਇਹ ਵਧੀਆ ਮੌਸਮ ਹੈ । ਕਿਸੇ ਭਰੋਸੇਯੋਗ ਹੈਚਰੀ ਤੋਂ ਹੀ ਚੂਚੇ ਬੁੱਕ ਕਰਵਾਓ ।
- ★ ਚੂਹਿਆਂ ਨੂੰ ਸ਼ੈੱਡ ਵਿੱਚ ਆਉਣ ਤੋਂ ਰੋਕਣ ਦੇ ਉਪਰਾਲੇ ਕਰੋ ਤਾਂ ਜੋ ਖੁਰਾਕ ਦੇ ਨੁਕਸਾਨ ਨੂੰ ਰੋਕਿਆ ਜਾ ਸਕੇ ।

ਅਜੀਤਪਾਲ ਸਿੰਘ ਧਾਲੀਵਾਲ, ਗੁਰਦੀਪ ਸਿੰਘ ਅਤੇ ਅਜੇ ਗੋਦਾਰਾ,
ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ (ਮੋ. 98142-49159)

**ਬੈਕਯਾਰਡ ਪੋਲਟਰੀ ਫਾਰਮਿੰਗ ਪੇਂਡੂ ਖੇਤਰ ਦੀ ਰੀੜ ਦੀ ਹੱਡੀ ਹੈ। ਪੇਂਡੂ ਖੁਰਾਕ ਵਿਚ ਅੰਡੇ-ਮੀਟ ਦੀ ਉਪਲੱਬਧਤਾ ਵਧਾਉਣਾ ਅਤੇ ਹੋਰ ਪੌਸ਼ਟਿਕ ਬਨਾਉਣਾ ਤਾਂ ਹੀ ਸੰਭਵ ਹੈ ਜੇਕਰ ਅਸੀਂ ਬੈਕਯਾਰਡ ਪੋਲਟਰੀ ਨੂੰ ਪੇਂਡੂ ਖੇਤਰ ਵਿਚ ਪ੍ਰਫੁੱਲਤ ਕਰਨਾ ਯਕੀਨ ਬਨਾਵਾਂਗੇ। ਇਸ ਤੋਂ ਬਿਨਾਂ ਬੈਕਯਾਰਡ ਪੋਲਟਰੀ ਦੇ ਹੋਰ ਫਾਇਦੇ ਇਸ ਤਰ੍ਹਾਂ ਹਨ।**



# ਬੈਕਯਾਰਡ ਮੁਰਗੀ ਪਾਲਣ

## ਪੌਸ਼ਟਿਕ ਆਹਾਰ ਦਾ ਧੁਰਾ

1. ਸਸਤੀ ਅਤੇ ਲਗਾਤਾਰ ਅੰਡੇ-ਮੀਟ ਦੀ ਉਪਲੱਬਧਤਾ ਸਿਰਫ ਬੈਕਯਾਰਡ ਪੋਲਟਰੀ ਨਾਲ ਹੀ ਯਕੀਨੀ ਬਣਾਈ ਜਾ ਸਕਦੀ ਹੈ।

2. ਅੰਡਾ ਪਸ਼ੂ ਪ੍ਰੋਟੀਨ ਦਾ ਸਭ ਤੋਂ ਸਸਤਾ ਸ੍ਰੋਤ ਹੈ ਅਤੇ ਮੀਟ ਬੈਕਯਾਰਡ ਪੋਲਟਰੀ ਰਾਹੀਂ ਵਧੀਆ, ਸਸਤਾ ਅਤੇ ਲਗਾਤਾਰ ਸਪਲਾਈ ਦਾ ਅਹਿਮ ਰੋਲ ਅਦਾ ਕਰਦਾ ਹੈ।

3. ਦੇਸੀ ਨਸਲਾਂ, ਵਲੈਤੀ ਨਸਲਾਂ ਦੇ ਮੁਕਾਬਲੇ ਬਦਲਦੇ ਵਾਤਾਵਰਨ ਵਿਚ ਜ਼ਿਆਦਾ ਸਹਿਣਸ਼ੀਲ ਅਤੇ ਅਨੁਕੂਲ ਹਨ ਅਤੇ ਬਿਮਾਰੀਆਂ ਦਾ ਅਸਰ ਵੀ ਕਾਫੀ ਘੱਟ ਹੁੰਦਾ ਹੈ।

4. ਬੈਕਯਾਰਡ ਯੂਨਿਟ ਵਿਚ ਘੱਟ ਜਗ੍ਹਾ, ਪੈਸਾ ਅਤੇ ਬਹੁਤ ਘੱਟ ਫੀਡ ਖਰਚੇ ਨਾਲ ਅੰਡਾ-ਮੀਟ ਤਿਆਰ ਕੀਤਾ ਜਾ ਸਕਦਾ ਹੈ।

5. ਇਸ ਵਿਧੀ ਵਿਚ ਘੱਟ ਖਰਚੇ ਕਰਕੇ ਅਤੇ ਬਹੁਤ ਘੱਟ ਕੁਸ਼ਲ ਪ੍ਰਬੰਧ ਤੋਂ ਬਿਨ੍ਹਾਂ ਵੀ ਚਲਾਇਆ ਜਾ ਸਕਦਾ ਹੈ। ਬਜ਼ੁਰਗ, ਔਰਤਾਂ ਤੇ ਬੱਚੇ ਆਸਾਨੀ ਨਾਲ ਇਸ ਕੰਮ ਨੂੰ ਕਰ ਸਕਦੇ ਹਨ।

6. ਇਸ ਤਰੀਕੇ ਆਮਦਨ ਲਗਾਤਾਰ ਅਤੇ ਵਧੀਆ ਹੋਣ ਕਰਕੇ ਪੇਂਡੂ ਖੇਤਰਾਂ ਦਾ ਰਹਿਣ-ਸਹਿਣ ਵਧੀਆ ਹੋ ਜਾਂਦਾ ਹੈ।

7. ਦੇਸੀ ਮੁਰਗੀਆਂ ਰੰਗਦਾਰ ਹੋਣ ਕਰਕੇ ਜ਼ਿਆਦਾ ਪ੍ਰਭਾਵਸ਼ਾਲੀ ਦਿੱਖ ਦਿੰਦੀਆਂ ਹਨ ਤੇ ਬਜ਼ਾਰ ਵਿਚ ਵੱਧ ਰੇਟ 'ਤੇ ਵਿੱਕ ਸਕਦੀਆਂ ਹਨ।

8. ਬੈਕਯਾਰਡ ਪੋਲਟਰੀ ਗਰੀਬੀ ਘਟਾਉਣ, ਆਮਦਨ ਦੀ ਇਕਾਗਰਤਾ ਕਰਨ, ਕੁਦਰਤੀ ਵਸੀਲਿਆਂ ਦੀ ਸਹੀ ਵਰਤੋਂ 'ਤੇ ਸੰਤੁਲਿਤ-ਸਸਤੀ ਖੁਰਾਕ ਪੈਦਾ ਕਰਨ ਦਾ ਵਸੀਬਾ ਸਿੱਧ ਹੋ ਸਕਦੇ ਹਨ।

9. ਦੇਸੀ ਅੰਡਾ-ਮੀਟ ਮਹਿੰਗਾ ਵਿਕਣ ਕਰਕੇ ਵਧੀਆ ਅਤੇ ਇਕਸਾਰ ਆਮਦਨ ਦਾ ਅਹਿਮ ਸ੍ਰੋਤ ਹੈ।

**ਪ੍ਰਫੁੱਲਤ ਨਾ ਹੋਣ ਦੇ ਕਾਰਨ :**

ਬੈਕਯਾਰਡ ਪੋਲਟਰੀ ਲਈ ਬਹੁਤ ਘੱਟ ਜਾਨਵਰਾਂ ਦੀ ਲੋੜ, ਘੱਟ ਦਵਾਈਆਂ, ਫੀਡ, ਵੈਕਸੀਨ ਆਦਿ ਪੇਂਡੂ ਖੇਤਰਾਂ ਵਿਚ ਘੱਟ ਉਪਲੱਬਧ ਹੋਣਾ। ਛੋਟੇ ਚੂਚੇ ਵਿਚ ਬਰੂੰਡਿੰਗ ਸਹੀ ਨਾ ਹੋਣ ਕਰਕੇ ਮੌਤ-ਦਰ ਬਹੁਤ ਜ਼ਿਆਦਾ ਹੁੰਦੀ ਹੈ। ਬੈਕਯਾਰਡ ਪੋਲਟਰੀ ਨੂੰ ਬਾਰਿਸ਼, ਤੇਜ਼ ਹਵਾਵਾਂ, ਅਵਾਰਾ ਜਾਨਵਰਾਂ ਦਾ ਖਤਰਾ ਬਹੁਤ ਹੁੰਦਾ ਹੈ।

ਬੈਕਯਾਰਡ ਪੋਲਟਰੀ ਦੀਆਂ ਦੋਨੇ ਉਪਜਾਂ ਅੰਡਾ ਅਤੇ ਮੀਟ ਬਹੁਤ ਹੀ ਵਧੀਆ ਤੇ ਸੰਤੁਲਿਤ ਆਹਾਰ ਹਨ। ਇਹਨਾਂ ਦੀ ਰੋਜ਼ਾਨਾ ਖੁਰਾਕ ਵਿਚ ਉਪਲੱਬਧਤਾ ਬਣਾਉਣਾ ਬਹੁਤ ਜ਼ਰੂਰੀ ਹੈ। ਇਕ ਤੰਦਰੁਸਤ ਵਿਅਕਤੀ ਲਈ ਰੋਜਾਨਾ 60 ਗ੍ਰਾਮ ਪ੍ਰੋਟੀਨ ਦੀ ਲੋੜ ਹੈ। ਇਸ ਵਿੱਚੋਂ 10 ਗ੍ਰਾਮ ਜੀਵ-ਸੋਮਿਆਂ ਜਿਵੇਂ ਕਿ ਅੰਡਾ, ਮੀਟ, ਦੁੱਧ, ਮੱਛੀ ਆਦਿ 16.3 ਗ੍ਰਾਮ, ਕੈਲਸ਼ੀਅਮ 60 ਮਿ. ਗ੍ਰਾਮ, ਫਾਸਫੋਰਸ 220 ਮਿ. ਗ੍ਰਾਮ, ਲੋਹਾ 2100 ਮਾਈਕਰੋ ਗ੍ਰਾਮ, ਪੋਟਾਸ਼ੀਅਮ 220 ਮਿ. ਗ੍ਰਾਮ, ਮੈਗਨੀਸ਼ੀਅਮ 9 ਮਿਲੀ ਗ੍ਰਾਮ, ਤਾਂਬਾ 170 ਮਾਈਕਰੋ ਗ੍ਰਾਮ, ਜ਼ਿੰਕ 1300 ਮਾਈਕਰੋ ਗ੍ਰਾਮ, ਨਾਈਸੀਨ 0.1 ਮਿ. ਗ੍ਰਾਮ, ਥਾਈਮੀਨ 0.10 ਮਿ. ਗ੍ਰਾਮ, ਵਿਟਾਮਿਨ ਬੀ-12, 0.252 ਮਿ. ਗ੍ਰਾਮ, ਵਿਟਾਮਿਨ ਈ 2 ਮਿ. ਗ੍ਰਾਮ, ਊਰਜਾ 170 ਕੈਲੋਰੀ ਆਦਿ ਪ੍ਰਤੀ 100 ਗ੍ਰਾਮ ਪਾਏ ਜਾਂਦੇ ਹਨ। ਅੰਡੇ ਦੀ ਜੀਵਕ ਮੁੱਲ 95% ਹੈ ਜੋ ਕਿ ਸਾਰੇ ਹੀ ਪਦਾਰਥਾਂ ਤੋਂ ਉੱਤਮ ਹੈ।

ਇਸ ਵਿਧੀ ਨਾਲ ਘਰੇਲੂ ਪੋਸ਼ਨ ਵਿਚ ਵਾਧਾ ਕੀਤਾ ਜਾਂਦਾ ਹੈ ਅਤੇ ਸਸਤੀ-ਸੰਤੁਲਿਤ ਖੁਰਾਕ ਪੈਦਾ ਕੀਤੀ ਜਾ ਸਕਦੀ ਹੈ।

ਬਾਕੀ ਸਫਾ 5 ਦੀ

# ਕਿਸਾਨ ਮੇਲੇ ਹਨ ਗਿਆਨ ਮੇਲੇ

ਦੀ ਸੰਭਾਲ ਅਤੇ ਸਨਅਤੀ ਵਰਤੋਂ ਸੰਬੰਧੀ ਕੋਈ ਵਧੀਆ ਖੋਜ ਨਹੀਂ ਹੋਈ ਹੈ। ਇਸ ਬਾਰੇ ਵਿਸ਼ੇਸ਼ ਖੋਜ ਦੀ ਲੋੜ ਹੈ। ਭਾਰਤ ਸਰਕਾਰ ਵੱਲੋਂ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਜ਼ੋਰ ਦਿੱਤਾ ਜਾ ਰਿਹਾ ਹੈ। ਪੰਜਾਬ ਵਿਚ ਖੇਤੀ ਦਾ ਮੁਕੰਮਲ ਮਸ਼ੀਨੀਕਰਨ ਹੋਣ ਕਰਕੇ ਰੂੜੀ ਉਪਲਬਧ ਨਹੀਂ ਹੈ। ਫਸਲਾਂ ਤੋਂ ਵੱਧ ਝਾੜ ਲਈ ਕੁਦਰਤੀ ਖੇਤੀ ਦੇ ਢੰਗ ਤਰੀਕਿਆਂ ਨੂੰ ਵਿਕਸਤ ਕਰਨ ਵੱਲ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਪੰਜਾਬੀਆਂ ਦੀਆਂ ਖਾਣ ਪੀਣ ਦੀਆਂ ਆਦਤਾਂ ਬਦਲ ਰਹੀਆਂ ਹਨ ਜਿਸ ਕਾਰਨ ਉਹ ਸੰਤੁਲਿਤ ਭੋਜਨ ਤੋਂ ਦੂਰ ਹੋ ਰਹੇ ਹਨ। ਬਦਲੀ ਸਥਿਤੀ ਵਿਚ ਪੌਸ਼ਟਿਕ ਭੋਜਨ ਕਿਵੇਂ ਤਿਆਰ ਕੀਤੇ ਜਾਣ ਇਸ ਸਬੰਧੀ ਵੀ ਖੋਜ ਦੀ ਲੋੜ ਹੈ।

ਬਹੁਤੇ ਪਰਿਵਾਰਾਂ ਨੇ ਦੁਧਾਰੂ ਪਸ਼ੂ ਰੱਖਦੇ ਬੰਦ ਕਰ ਦਿੱਤੇ ਹਨ, ਇੰਝ ਘਰਾਂ ਵਿੱਚੋਂ ਦੁੱਧ, ਦਹੀ, ਲੱਸੀ, ਮੱਖਣ, ਘੀ ਅਲੋਪ ਹੋ ਰਹੇ ਹਨ। ਚੰਗੀ ਸਿਹਤ ਲਈ ਜਾਣੇ ਜਾਂਦੇ ਪੰਜਾਬੀਆਂ ਵਿਚ ਵੀ ਸੰਤੁਲਿਤ ਭੋਜਨ ਦੀ ਘਾਟ ਨਜ਼ਰ ਆਉਣ ਲੱਗ ਪਈ ਹੈ। ਸੰਤੁਲਿਤ ਭੋਜਨ ਸਬੰਧੀ ਵਿਸ਼ੇਸ਼ ਪ੍ਰਦਰਸ਼ਨੀ ਦੀ ਲੋੜ ਹੈ। ਸਬਜ਼ੀਆਂ ਦੀ ਕਾਸ਼ਤ ਵਿਸ਼ੇਸ਼ ਕਰਕੇ ਘਰ ਬਗੀਚੀ ਲਈ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਦੇ ਵੀ ਯਤਨ ਹੋਣੇ ਚਾਹੀਦੇ ਹਨ। ਕਣਕ ਦੀ ਬਿਜਾਈ ਲਈ ਛੱਟਾ ਵਿਧੀ ਦਾ ਪ੍ਰਦਰਸ਼ਨ ਵੀ ਜ਼ਰੂਰੀ ਹੈ। ਸਟਾਲ ਭਾਵੇਂ ਘੱਟ ਲਗਾਏ ਜਾਣ ਪਰ ਮੌਜੂਦਾ ਸਮੱਸਿਆਵਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਬਦਲਦੇ ਮੌਸਮ ਅਤੇ ਵਧ ਰਹੀ ਤਪਸ਼ ਦਾ ਮੁਕਾਬਲਾ ਕਰਨ ਵਾਲੀਆਂ ਕਿਸਮਾਂ ਬਾਰੇ ਜਾਣਕਾਰੀ ਦੀ ਲੋੜ ਹੈ। ਖੇਤਾਂ ਵਿਚ ਪ੍ਰਦਰਸ਼ਨੀਆਂ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਹਰੇਕ ਨੁਕਰ ਉੱਤੇ ਖਾਣ ਪੀਣ ਦੀਆਂ ਦੁਕਾਨਾਂ ਲਗਾਉਣ ਦੀ ਥਾਂ ਦੋ ਤਿੰਨ ਥਾਵਾਂ ਨਿਸਚਤ ਕਰਨ ਦੀ ਲੋੜ ਹੈ। ਇਹ ਖਾਸ ਖਿਆਲ ਰੱਖਿਆ ਜਾਵੇ ਕਿ ਖਾਣ ਪੀਣ ਵਾਲੀਆਂ ਵਸਤਾਂ ਚੰਗੀ ਤਰ੍ਹਾਂ ਢੱਕੀਆਂ, ਸਾਫ-ਸੁਥਰੀਆਂ ਅਤੇ ਸੁਚਜੇ ਢੰਗ ਨਾਲ ਬਣਾਈਆਂ ਹੋਣ ਅਤੇ ਉੱਪਰ ਛੱਤ ਹੋਵੇ ਤਾਂ ਕਿ ਕੁਦਰਤੀ ਮੀਂਹ ਕਣੀ ਅਤੇ ਦਰੱਖਤਾਂ ਉੱਪਰ ਬੈਠੇ ਪੰਛੀਆਂ ਦੀ ਗੰਦਗੀ ਤੋਂ ਬਚਾਇਆ ਜਾ ਸਕੇ ਜਿਥੇ ਆਰਾਮ ਨਾਲ ਕਿਸਾਨ ਬੈਠ ਕੇ ਖਾਣ ਦਾ ਅਨੰਦ ਮਾਣਿਆ ਜਾ ਸਕੇ। ਉਹ ਸੁਨੇਹੇ ਜਿਨ੍ਹਾਂ ਦਾ ਕਿਸਾਨਾਂ ਤੱਕ ਪਹੁੰਚਣਾ ਜ਼ਰੂਰੀ ਹੈ ਉਨ੍ਹਾਂ ਬਾਰੇ ਜਾਣਕਾਰੀ ਵਿਸ਼ੇਸ਼ ਢੰਗ ਨਾਲ ਦਿੱਤੀ ਜਾਵੇ। ਬੀਜ ਵਿਕਰੀ ਕੇਂਦਰ ਵਿਚ ਬੀਜ ਦੀ ਹਰੇਕ ਥੈਲੀ ਨਾਲ ਇਕ ਪਰਦਾ ਲਗਾਇਆ ਜਾਵੇ ਜਿਸ ਉੱਤੇ ਕਿਸਮ ਦਾ ਨਾਮ ਅਤੇ ਕਾਸ਼ਤ ਸਬੰਧੀ ਸਿਫਾਰਸ਼ਾਂ ਲਿਖੀਆਂ ਹੋਣ। ਮੀਂਹ ਦੇ ਪਾਣੀ ਦੀ ਸੰਭਾਲ, ਪਾਣੀ ਦੀ ਬੱਚਤ, ਘੱਟ ਸਮਾਂ ਲੈਣ ਵਾਲੀਆਂ ਫਸਲਾਂ ਦੀਆਂ ਕਿਸਮਾਂ ਸਬੰਧੀ ਜਾਣਕਾਰੀ ਦੇਣ ਲਈ ਵਿਸ਼ੇਸ਼ ਪ੍ਰਦਰਸ਼ਨੀ ਕੇਂਦਰ ਬਣਾਇਆ ਜਾਵੇ। ਮੇਲੇ ਦੇ ਪ੍ਰੋਗਰਾਮ ਅਤੇ ਇਸ ਦੀ ਰੂਪ ਰੇਖਾ ਵਿਚ ਬਦਲਦੇ ਸਮੇਂ ਦੀਆਂ ਲੋੜਾਂ ਅਨੁਸਾਰ ਤਬਦੀਲੀਆਂ ਕਰ ਲੈਣੀਆਂ ਚਾਹੀਦੀਆਂ ਹਨ। ਜਦੋਂ 1967 ਵਿਚ ਮੇਲਾ ਸ਼ੁਰੂ ਹੋਇਆ ਸੀ ਉਦੋਂ ਦੀ ਤੇ ਹੁਣ ਦੀ ਖੇਤੀ ਵਿਚ ਬਹੁਤ ਫਰਕ ਆ ਗਿਆ ਹੈ। ਵਿਭਾਗਾਂ ਦੇ ਸਟਾਲਾਂ ਵਿਚ ਬਹੁਤ ਸਾਰੇ ਚਾਰਟ ਲਗਾਏ ਜਾਂਦੇ ਹਨ ਜਿਨ੍ਹਾਂ ਰਾਹੀਂ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਯਤਨ ਕੀਤਾ ਜਾਂਦਾ ਹੈ। ਕਿਸੇ ਕੋਲ ਇਤਨਾ ਸਮਾਂ ਨਹੀਂ ਕਿ ਇਨ੍ਹਾਂ ਨੂੰ ਪੂਰਾ ਪੜ੍ਹਿਆ ਜਾਵੇ। ਵਿਭਾਗ ਦੀ ਪ੍ਰਾਪਤੀਆਂ ਦੱਸਣ ਦੀ ਲੋੜ ਨਹੀਂ ਹੈ ਸਗੋਂ ਆਉਣ ਵਾਲੀ ਹਾੜ੍ਹੀ ਦੀਆਂ ਫਸਲਾਂ ਸਬੰਧੀ ਨਵੀਆਂ ਅਤੇ ਜ਼ਰੂਰੀ ਜਾਣਕਾਰੀਆਂ ਸੁਚੱਜੇ ਢੰਗ ਨਾਲ ਪ੍ਰਦਰਸ਼ਿਤ ਕੀਤੀਆਂ ਜਾਣ। ਮੇਲੇ ਦੇ ਰਾਹ ਨੂੰ ਵਿਸ਼ੇਸ਼ ਸੁਨੇਹਿਆਂ ਰਾਹੀਂ ਸ਼ਿੰਗਾਰਿਆ ਜਾਵੇ ਤਾਂ ਜੋ ਕਿਸਾਨ ਇਨ੍ਹਾਂ ਨੂੰ ਮਨ ਵਸਾਵੇ ਤੇ ਇਨ੍ਹਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕਰੇ।

ਮੇਲੇ ਵਿਚ ਆਉਣ ਵਾਲੇ ਕਿਸਾਨਾਂ ਨੂੰ ਅਪੀਲ ਹੈ ਕਿ ਜੇਕਰ ਹੋ ਸਕੇ ਆਪਣੇ ਨਾਲ ਆਪਣੀਆਂ ਜੀਵਨ ਸਾਥਣਾਂ ਨੂੰ ਵੀ ਜ਼ਰੂਰ ਲਿਆਵੋ। ਉਨ੍ਹਾਂ ਦੇ ਸਿੱਖਣ ਲਈ ਵੀ ਬਹੁਤ ਕੁਝ ਹੈ। ਤੁਸੀਂ ਦੂਰੋਂ ਦੂਰੋਂ ਪੈਸੇ ਖਰਚ ਕਰਕੇ ਆਉਂਦੇ ਹੋ ਇਸ ਕਰਕੇ ਕੇਵਲ ਬੀਜ ਖਰੀਦ ਕੇ ਹੀ ਵਾਪਸ ਨਾ ਚਲੇ ਜਾਵੋ ਸਗੋਂ ਨਵੀਆਂ ਜਾਣਕਾਰੀਆਂ ਵਾਲੀਆਂ ਪ੍ਰਦਰਸ਼ਨੀਆਂ ਜ਼ਰੂਰ ਵੇਖੋ। ਸਿਧੀ ਬਿਜਾਈ ਵਾਲੇ ਝੋਨੇ ਦੇ ਖੇਤ, ਕੁਦਰਤੀ ਖੇਤੀ ਵਾਲੇ ਖੇਤ, ਪਰਾਲੀ ਦੀ ਸਾਂਭ ਸੰਭਾਲ ਦੇ ਢੰਗ ਤਰੀਕਿਆਂ ਦੇ ਪ੍ਰਦਰਸ਼ਨ ਜ਼ਰੂਰ ਵੇਖੇ ਜਾਣ। ਬੀਬੀਆਂ ਨੂੰ ਭੋਜਨ ਵਿਗਿਆਨ ਅਤੇ ਕਮਿਊਨਿਟੀ ਕਾਲਜ ਦੀਆਂ ਪ੍ਰਦਰਸ਼ਨੀਆਂ ਜ਼ਰੂਰ ਵੇਖਣੀਆਂ ਚਾਹੀਦੀਆਂ ਹਨ। ਸਸਤਾ ਅਤੇ ਸੰਤੁਲਿਤ ਭੋਜਨ ਕਿਵੇਂ ਤਿਆਰ ਕੀਤਾ ਜਾ ਸਕਦਾ ਹੈ। ਇਸ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ ਕਿਉਂਕਿ ਪੰਜਾਬ ਵਾਸੀਆਂ ਵਿਚ ਸੰਤੁਲਿਤ ਭੋਜਨ ਦੀ ਘਾਟ ਆ ਰਹੀ ਹੈ ਜਿਸ ਦਾ ਅਸਰ ਉਨ੍ਹਾਂ ਦੀ ਸਿਹਤ ਉੱਤੇ ਪੈ ਰਿਹਾ ਹੈ। ਹਾੜ੍ਹੀ ਦੀ ਮੁੱਖ ਫਸਲ ਕਣਕ ਹੈ। ਉਨ੍ਹਾਂ ਕਿਸਮਾਂ ਬਾਰੇ ਗਿਆਨ ਪ੍ਰਾਪਤ ਕਰੋ ਜਿਹੜੀਆਂ ਮੌਸਮੀ ਤਬਦੀਲੀਆਂ ਦਾ ਮੁਕਾਬਲਾ ਕਰ ਸਕਦੀਆਂ ਹਨ। ਵੱਧ ਝਾੜ ਦੇਣ ਵਾਲੀਆਂ ਸਰੋਂ ਰਾਇਆ ਅਤੇ ਤੋਰੀਏ ਦੀਆਂ ਕਿਸਮਾਂ ਦੇ ਬੀਜ ਲੈ ਕੇ ਜਾਵੋ। ਖੇਤੀ ਵਿਚ ਤੁਹਾਨੂੰ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਲਿਖ ਕੇ ਲਿਆਵੋ ਅਤੇ ਸਬੰਧਿਤ ਮਾਹਿਰ ਨਾਲ ਇਸ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇ। ਸਰਦੀਆਂ ਦੀਆਂ ਸਬਜ਼ੀਆਂ ਦੀ ਬਿਜਾਈ ਸਮਾਂ ਆ ਰਿਹਾ ਹੈ। ਸਬਜ਼ੀਆਂ ਦੇ ਬੀਜਾਂ ਵਾਲੀ ਕਿੱਟ ਜ਼ਰੂਰ ਲੈ ਕੇ ਜਾਵੋ ਅਤੇ ਬੰਬੀ ਲਾਗੇ ਸਬਜ਼ੀ ਬਗੀਚੀ ਬਣਾਈ ਜਾਵੇ। ਭੋਜਨ ਵਿਚ ਸਬਜ਼ੀਆਂ ਦਾ ਹੋਣਾ ਜ਼ਰੂਰੀ ਹੈ ਪਰ ਇਨ੍ਹਾਂ ਦਾ ਪੂਰਾ ਲਾਭ ਘਰ ਦੀ ਤਾਜ਼ੀ ਸਬਜ਼ੀ ਨਾਲ ਹੀ ਪ੍ਰਾਪਤ ਹੋ ਸਕਦਾ ਹੈ। ਫਲਦਾਰ ਬੂਟੇ ਅਜੇ ਵੀ ਲਗਾਏ ਜਾ ਸਕਦੇ ਹਨ। ਘੱਟ ਘੱਟ ਇਕ ਨਿੰਬੂ ਦਾ ਤੇ ਇਕ ਅਮਰੂਦ ਦਾ ਬੂਟਾ ਜ਼ਰੂਰ ਲੈ ਕੇ ਜਾਵੋ। ਅੰਬ ਅਤੇ ਕਿੰਨੂ ਦੇ ਬੂਟੇ ਵੀ ਲਗਾਏ ਜਾ ਸਕਦੇ ਹਨ। ਯੂਨੀਵਰਸਿਟੀ ਦੀਆਂ ਕਿਤਾਬਾਂ ਦੇ ਸਟਾਲ ਤੇ ਜ਼ਰੂਰ ਜਾਵੋ ਅਤੇ ਆਪਣੀ ਲੋੜ ਅਨੁਸਾਰ ਕਿਤਾਬਾਂ ਦੀ ਖਰੀਦ ਕਰੋ। ਇਹ ਗਿਆਨ ਦਾ ਮੇਲਾ ਹੈ। ਇਥੋਂ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰਕੇ ਜਾਣਾ ਚਾਹੀਦਾ ਹੈ ਤਾਂ ਜੋ ਮੇਲੇ ਵਿਚ ਆਉਣ ਦਾ ਪੂਰਾ ਲਾਭ ਪ੍ਰਾਪਤ ਹੋ ਸਕੇ। ਲੁਧਿਆਣੇ ਵਾਲਾ ਮੇਲਾ 13-14 ਸਤੰਬਰ ਨੂੰ ਹੋ ਰਿਹਾ ਹੈ। ਜੇਕਰ ਕਿਸੇ ਕਾਰਨ ਇਥੇ ਨਾ ਆਇਆ ਜਾ ਸਕੇ ਤਾਂ ਆਪਣੇ ਇਲਾਕੇ ਵਿਚ ਲੱਗਣ ਵਾਲੇ ਮੇਲੇ ਵਿਚ ਜ਼ਰੂਰ ਜਾਵੋ। ਅੰਮ੍ਰਿਤਸਰ ਨੇੜੇ ਨਾਗ ਕਲਾਂ ਵਿਚ 3 ਸਤੰਬਰ, ਬੱਲੋਵਾਲ ਸੌਂਖੜੀ (ਨਵਾਂ ਸ਼ਹਿਰ) 6 ਸਤੰਬਰ, ਫਰੀਦਕੋਟ 10 ਸਤੰਬਰ, ਗੁਰਦਾਸਪੁਰ 18 ਸਤੰਬਰ, ਰੌਣੀ (ਪਟਿਆਲਾ) 24 ਸਤੰਬਰ ਅਤੇ ਬਠਿੰਡਾ ਵਿਖੇ 27 ਸਤੰਬਰ ਨੂੰ ਮੇਲਾ ਲਗਾਇਆ ਜਾਵੇਗਾ। ਮੇਲੇ ਵਿਚ ਹੁੰਮ-ਹੁੰਮਾ ਕੇ ਆਵੋ। ਯੂਨੀਵਰਸਿਟੀ ਤੁਹਾਡਾ ਬੇਸਬਰੀ ਨਾਲ ਇੰਤਜਾਰ ਕਰ ਰਹੀ ਹੈ।



# ਨਿੰਬੂ ਜਾਤੀ ਦੇ ਬੂਟਿਆਂ ਨੂੰ ਬਿਮਾਰੀਆਂ ਤੋਂ ਬਚਾਓ

ਐੱਸ ਕੇ ਥਿੰਦ ਅਤੇ ਅੰਜੂ ਬਾਲਾ, ਪੌਦਿਆਂ ਦਾ ਹਸਪਤਾਲ, ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ

**ਨਿੰਬੂ-ਜਾਤੀ ਪੰਜਾਬ ਦੀ ਮੁੱਖ ਫਲਦਾਰ ਫਸਲ ਹੈ । ਤਕਰੀਬਨ 49244 ਹੈਕਟੇਅਰ ਵਿੱਚ ਇਸ ਦੀ ਕਾਸ਼ਤ ਕੀਤੀ ਜਾਂਦੀ ਹੈ । ਜਿਸ ਤੋਂ 10 15628 ਟਨ ਫਲ ਪੈਦਾ ਕੀਤੇ ਜਾਂਦੇ ਹਨ । ਬਰਸਾਤ ਰੁੱਤ ਵਿੱਚ ਵਾਤਾਵਰਣ ਵਿਚਲੀ ਗਰਮੀ ਅਤੇ ਸਿੱਲ੍ਹ (ਸਲ੍ਹਾਬ) ਨਿੰਬੂ-ਜਾਤੀ ਦੇ ਬੂਟਿਆਂ ਦੀਆਂ ਬਿਮਾਰੀਆਂ ਦੇ ਲਈ ਬਹੁਤ ਹੀ ਅਨੁਕੂਲ ਹੁੰਦੇ ਹਨ । ਅਜਿਹੀਆਂ ਹਾਲਤਾਂ ਵਿੱਚ ਬੂਟਿਆਂ 'ਤੇ ਬਿਮਾਰੀਆਂ ਦਾ ਹਮਲਾ ਅਤੇ ਇਸ ਦਾ ਵਾਧਾ ਬੜੀ ਤੇਜ਼ੀ ਨਾਲ ਹੁੰਦਾ ਹੈ । ਜਿਸ ਕਾਰਣ ਬਾਗਬਾਨਾਂ ਨੂੰ ਹਰ ਸਾਲ ਬਹੁਤ ਨੁਕਸਾਨ ਸਹਿਣਾ ਪੈਂਦਾ ਹੈ । ਇਸ ਲਈ ਬਹੁਤ ਹੀ ਜ਼ਰੂਰੀ ਹੈ ਕਿ ਨਿੰਬੂ-ਜਾਤੀ ਦੇ ਬੂਟਿਆਂ ਨੂੰ ਬਰਸਾਤ ਵਿੱਚ ਲੱਗਣ ਵਾਲੀਆਂ ਬਿਮਾਰੀਆਂ ਦੀ ਸਹੀ ਪਹਿਚਾਣ ਅਤੇ ਇਹਨਾਂ ਦੀ ਵੇਲੇ ਸਿਰ ਰੋਕਥਾਮ ਕੀਤੀ ਜਾਵੇ ਤਾਂ ਜੋ ਇਹਨਾਂ ਬੂਟਿਆਂ ਤੋਂ ਵੱਧ ਤੋਂ ਵੱਧ ਗੁਣਵਾਨ ਝਾੜ ਲਿਆ ਜਾਵੇ । ਇਹਨਾਂ ਬਿਮਾਰੀਆਂ ਦੀ ਪਹਿਚਾਣ ਅਤੇ ਰੋਕਥਾਮ ਦੇ ਵਿਗਿਆਨਕ ਨੁਕਤੇ ਇਸ ਪ੍ਰਕਾਰ ਹਨ ।**

**ਪੈਰੋਂ ਗਲਣ ਦਾ ਰੋਗ (ਗੋਂਦ ਰੋਗ) :-** ਕਈ ਬਾਗਬਾਨ ਇਸ ਰੋਗ ਨੂੰ ਨਹੀਂ ਸਮਝ ਸਕਦੇ, ਕਿਉਂਕਿ ਇਹ ਬਿਮਾਰੀ ਜ਼ਮੀਨ ਦੇ ਅੰਦਰ ਹੀ ਅੰਦਰ ਖੁਰਾਕੀ ਜੜ੍ਹਾਂ ਨੂੰ ਖਤਮ ਕਰ ਦਿੰਦੀ ਹੈ । ਇਸ



ਨਾਲ ਜੜ੍ਹਾਂ ਦੀ ਬਾਹਰਲੀ ਛਿੱਲ ਬਦਰੰਗੀ ਅਤੇ ਨਰਮ ਹੋ ਕੇ ਪਾਣੀ ਭਿੱਜੀ ਨਜ਼ਰ ਆਉਂਦੀ ਹੈ । ਗੰਭੀਰ ਹਾਲਤਾਂ ਵਿੱਚ ਮਰ ਰਹੀਆਂ ਜੜ੍ਹਾਂ ਦੀ ਪੂਰਤੀ ਨਵੀਆਂ ਪੈਦਾ ਹੋ ਰਹੀਆਂ ਜੜ੍ਹਾਂ ਨਹੀਂ ਕਰ ਸਕਦੀਆਂ । ਜਿਸ ਨਾਲ ਬੂਟੇ ਪੀਲੇ ਹੋ ਕੇ ਸੋਕੜ ਦਾ ਸ਼ਿਕਾਰ ਹੋ ਜਾਂਦੇ ਹਨ । ਹਮਲੇ ਵਾਲੇ ਬਾਗ ਸਮੇਂ ਤੋਂ ਪਹਿਲਾਂ ਹੀ ਸਥਿੱਲ ਹੋ ਜਾਂਦੇ ਹਨ ਅਤੇ ਝਾੜ 'ਤੇ ਮਾੜਾ ਅਸਰ ਪੈਂਦਾ ਹੈ । ਭਾਰੀਆਂ, ਸਿੱਲ੍ਹ ਅਤੇ ਸੇਮ ਵਾਲੀਆਂ ਜ਼ਮੀਨਾਂ ਵਿੱਚ ਇਹ ਬਿਮਾਰੀ ਜ਼ਿਆਦਾ ਨੁਕਸਾਨ ਕਰਦੀ ਹੈ । ਖੁਰਾਕੀ ਜੜ੍ਹਾਂ ਦੀ ਜਾਂਚ ਲਈ ਇਹਨਾਂ ਨੂੰ ਅਗੂਠੇ ਅਤੇ ਪਹਿਲੀ ਉਂਗਲੀ ਨਾਲ ਪਕੜ ਕੇ ਖਿੱਚੋ । ਗਲੀਆਂ ਜੜ੍ਹਾਂ ਦੀ ਬਾਹਰਲੀ ਛਿੱਲ ਆਸਾਨੀ ਨਾਲ ਉੱਤਰ ਜਾਵੇਗੀ ਅਤੇ ਕੇਵਲ ਚਿੱਟੀ ਲੱਕੜੀ ਰਹਿ ਜਾਵੇਗੀ । ਇਸ ਬਿਮਾਰੀ ਨਾਲ ਨਰਸਰੀ ਵਿੱਚ ਪਨੀਰੀ ਮੁਰਝਾ ਜਾਂਦੀ ਹੈ । ਜੇ ਪਨੀਰੀ ਨੂੰ ਪੁੱਟ ਕੇ ਦੇਖੀਏ ਤਾਂ ਜੜ੍ਹਾਂ ਦਾ ਛਿਲਕਾ ਆਸਾਨੀ ਨਾਲ ਉੱਤਰ ਜਾਂਦਾ ਹੈ । ਬਾਗ ਵਿੱਚ ਬੂਟਿਆਂ ਦੇ ਪੈਰ ਦਾ ਗਾਲਾ, ਗੂੰਦ ਨਿਕਲਣਾ, ਖੁਰਾਕੀ ਜੜ੍ਹਾਂ ਦਾ ਗਾਲਾ, ਪੱਤਿਆਂ ਦਾ ਝੜਨਾ ਅਤੇ ਫਲ ਦਾ ਗਾਲਾ ਲੱਛਣ ਨਜ਼ਰ ਆਉਂਦੇ ਹਨ । ਤਣੇ ਦੇ ਪਿਉਂਦ ਵਾਲੇ ਹਿੱਸੇ ਨੇੜਿਉਂ ਗੂੰਦ ਨਿਕਲਣਾ ਇਸ ਬਿਮਾਰੀ ਦੀ ਪਹਿਲੀ ਨਿਸ਼ਾਨੀ ਹੈ, ਜਿਵੇਂ-ਜਿਵੇਂ ਜ਼ਖਮ ਵੱਡੇ ਹੁੰਦੇ ਹਨ, ਛਿੱਲ ਵਿੱਚ ਲੰਬੀਆਂ ਤਰੇੜਾਂ ਪੈ ਜਾਂਦੀਆਂ ਹਨ । ਪੱਤੇ ਪੀਲੇ ਪੈ ਜਾਂਦੇ ਹਨ ਅਤੇ ਉੱਲੀ ਤਣੇ ਦੇ ਚਾਰੇ ਪਾਸੇ ਘੁੰਮ ਜਾਂਦੀ ਹੈ, ਜਿਸ ਕਾਰਨ ਬੂਟੇ ਦਾ ਵਾਧਾ ਰੁਕ ਜਾਂਦਾ ਹੈ ਅਤੇ ਬੂਟਾ ਮਰਨਾ ਸ਼ੁਰੂ ਹੋ ਜਾਂਦਾ ਹੈ । ਇਸ ਬਿਮਾਰੀ ਨਾਲ ਪ੍ਰਭਾਵਿਤ ਬੂਟਿਆਂ ਨੂੰ ਬਹੁਤ ਫੁੱਲ ਆਉਂਦੇ ਹਨ, ਜੋ ਫਲ ਦੇ ਬਨਣ ਤੋਂ ਪਹਿਲਾਂ ਹੀ ਡਿੱਗ ਜਾਂਦੇ ਹਨ ਤੇ ਬੂਟੇ ਮਰ ਜਾਂਦੇ ਹਨ ।

**ਸਾਵਧਾਨੀਆਂ :-** ਤਣੇ 'ਤੇ ਪੇਂਟ ਕਰਨ ਲਈ ਪਹਿਲਾਂ ਇਹ ਜ਼ਰੂਰੀ ਹੈ ਕਿ ਚਾਕੂ ਨਾਲ ਬਿਮਾਰੀ ਵਾਲੀ ਛਿੱਲ ਨਾਲ ਥੋੜ੍ਹਾ ਜਿਹਾ ਤੰਦਰੁਸਤ ਹਿੱਸਾ ਵੀ ਖੁਰਚੋ । ਉਤਾਰੀ ਹੋਈ ਰੋਗੀ ਛਿੱਲ ਨੂੰ ਇੱਕਠਾ ਕਰਕੇ ਨਸ਼ਟ ਕਰ ਦਿਉ ਤਾਂ ਜੋ ਉੱਲੀ ਦੇ ਕਣ ਛਿੱਲ ਰਾਹੀਂ ਜ਼ਮੀਨ ਵਿੱਚ ਨਾ ਫੈਲ ਸਕਣ । ਸਾਫ ਕੀਤੇ ਜ਼ਖਮਾਂ 'ਤੇ 2 ਗ੍ਰਾਮ ਰਿਡੋਮਿਲ ਗੋਲਡ 68 ਤਾਕਤ ਜਾਂ ਕਰਜ਼ੇਟ ਐੱਮ 8 ਜਾਂ ਮੈਟਕੋ 8-64 ਜਾਂ ਰਿਡੋਕਸ 72 ਤਾਕਤ ਜਾਂ ਮੈਟਾਮਿਲ 72 ਤਾਕਤ ਨੂੰ 100 ਮਿਲੀਲੀਟਰ ਅਲਸੀ ਦੇ ਤੇਲ ਵਿੱਚ ਘੋਲ ਕੇ ਸਾਲ ਵਿੱਚ ਦੋ ਵਾਰ (ਫਰਵਰੀ-ਮਾਰਚ ਅਤੇ ਜੁਲਾਈ-ਅਗਸਤ) ਬੁਰਸ਼ ਨਾਲ ਜ਼ਖਮਾਂ ਤੇ ਲਗਾਉ । ਬਾਅਦ ਵਿੱਚ ਇਨ੍ਹਾਂ ਵਿੱਚੋਂ ਕੋਈ ਇੱਕ ਦਵਾਈ ਨਾਲ (25 ਗ੍ਰਾਮ 10 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਬੂਟਾ) ਤਣੇ ਦੇ ਚਾਰ-ਚੁਫੇਰੇ ਵਾਲੀ ਮਿੱਟੀ ਨੂੰ ਚੰਗੀ ਤਰ੍ਹਾਂ ਗੜੁੱਚ ਕਰੋ । ਇਸ ਤੋਂ ਇਲਾਵਾ ਐਲੀਅਟ (2.5 ਗ੍ਰਾਮ ਪ੍ਰਤੀ ਲੀਟਰ ਪਾਣੀ) ਦੇ ਦੋ ਛਿੜਕਾਅ ਅਪ੍ਰੈਲ ਅਤੇ ਸਤੰਬਰ ਵਿੱਚ ਕਰੋ ।

**ਫਲਾਂ ਦਾ ਕੇਰਾ :-** ਇਹ ਬਿਮਾਰੀ ਫਲ ਦੀ ਤੁੜਾਈ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੀ ਹੈ ਅਤੇ ਫਲ ਤੋੜਨ ਤੱਕ ਜਾਰੀ ਰਹਿੰਦੀ ਹੈ । ਅਗਸਤ ਅਤੇ ਸਤੰਬਰ ਮਹੀਨੇ ਕੱਚੇ ਫਲਾਂ ਦੇ ਡਿੱਗਣ ਨਾਲ ਪੰਜਾਬ ਵਿੱਚ ਬਾਗਬਾਨਾਂ ਦਾ ਕਾਫੀ ਨੁਕਸਾਨ ਹੁੰਦਾ ਹੈ । ਪੁਰਾਣੇ ਬਾਗਾਂ ਵਿੱਚ ਇਸ ਬਿਮਾਰੀ ਦਾ ਹਮਲਾ ਨਵੇਂ ਬਾਗਾਂ ਦੇ ਮੁਕਾਬਲੇ ਜ਼ਿਆਦਾ ਹੁੰਦਾ ਹੈ । ਇਸ ਬਿਮਾਰੀ ਦੇ ਹਮਲੇ ਨਾਲ ਫਲ ਦੀ ਡੰਡੀ ਦੇ ਆਲੇ-ਦੁਆਲੇ ਗੋਲਾਕਾਰ ਭੂਰੇ ਰੰਗ ਦੇ ਧੱਬੇ ਪੈ ਜਾਂਦੇ ਹਨ, ਜੋ ਬਾਅਦ ਵਿੱਚ ਵੱਧ ਕੇ ਸਿੱਕੇ ਵਾਲੇ ਰੁਪਏ ਦੀ ਸ਼ਕਲ ਵਾਂਗ ਲੱਗਣ ਲੱਗ ਪੈਂਦੇ ਹਨ । ਇਹ ਗਲਣਾ (ਰੋਗ) ਫਲ ਦੀ ਡੰਡੀ ਵਾਲੇ ਪਾਸੇ ਤੋਂ ਸ਼ੁਰੂ ਹੋ ਕੇ ਫਲ ਧੁੰਨੀ ਤੱਕ ਪਹੁੰਚ ਕੇ ਸਾਰੇ ਦੇ ਸਾਰੇ ਫਲ ਦੇ ਹਿੱਸੇ ਨੂੰ ਢੱਕ ਲੈਂਦਾ ਹੈ । ਰੋਗੀ ਫਲ ਜਾਂ ਤਾਂ ਤੁੜਾਈ ਤੋਂ ਪਹਿਲਾਂ ਹੀ ਗਿਰਨੇ ਸ਼ੁਰੂ ਹੋ ਜਾਂਦੇ ਹਨ ਜਾਂ ਫਿਰ ਬੂਟੇ 'ਤੇ ਹੀ ਲਟਕਦੇ ਰਹਿੰਦੇ ਹਨ । ਰੋਗੀ ਫਲ ਪਿਚਕੇ, ਸਖਤ ਤੇ ਭੁਰਭੁਰੇ ਹੁੰਦੇ ਹਨ । ਬੀਮਾਰ ਫਲਾਂ ਦੀਆਂ ਡੰਡੀਆਂ ਸਲੇਟੀ ਰੰਗ ਦੀਆਂ ਹੋ ਜਾਂਦੀਆਂ ਹਨ ਅਤੇ ਇਹਨਾਂ ਉੱਤੇ ਉੱਲੀ ਦੇ ਕਾਲੇ ਰੰਗ ਦੇ ਟਿਮਕਣੇ ਬਣ ਜਾਂਦੇ ਹਨ ।

**ਰੋਕਥਾਮ :-** ਰੋਗੀ ਟਾਹਣੀਆਂ ਜਨਵਰੀ-ਫਰਵਰੀ ਦੇ ਮਹੀਨੇ ਕੱਟ ਕੇ ਨਸ਼ਟ ਕਰ ਦਿਉ ਅਤੇ ਬੋਰਡੋ ਮਿਸ਼ਰਣ ਦਾ ਸਪਰੇਅ ਕਰੋ । ਹੇਠਾਂ ਡਿੱਗੇ ਰੋਗੀ ਅਤੇ ਬੂਟੇ ਉੱਤੇ ਲਟਕਦੇ ਫਲਾਂ ਨੂੰ ਤੋੜ ਕੇ ਇੱਕਠਾ ਕਰਕੇ ਜ਼ਮੀਨ ਵਿੱਚ ਟੋਇਆ ਪੁੱਟ ਕੇ ਦੱਬ ਦਿਓ, ਕਿਉਂਕਿ ਇਹਨਾਂ ਰੋਗੀ ਫਲਾਂ ਤੋਂ ਇਹ ਬਿਮਾਰੀ ਬਹੁਤ ਫੈਲਦੀ ਹੈ । ਇਸ ਬਿਮਾਰੀ ਦੀ ਰੋਕਥਾਮ ਲਈ ਜ਼ੀਰਮ 27 ਤਾਕਤ (1250 ਮਿ.ਲੀ.) ਜਾਂ ਪ੍ਰੋਪੀਕੋਨਾਜ਼ੋਲ 25 ਤਾਕਤ (500 ਮਿ.ਲੀ.) ਜਾਂ ਬਾਵਿਸਟਨ 50 ਤਾਕਤ



(500 ਗ੍ਰਾਮ) ਐਲ 5 ਗ੍ਰਾਮ 2,4-ਡੀ (ਸੋਡੀਅਮ ਸਾਲਟ, ਹੋਰਟੀਕਲਚਰ ਗਰੇਡ) 500 ਲੀਟਰ ਪਾਣੀ ਪ੍ਰਤੀ ਏਕੜ ਦੇ ਛਿੜਕਾਅ ਅੱਧ ਅਪ੍ਰੈਲ, ਅਗਸਤ ਅਤੇ ਸਤੰਬਰ ਦੇ ਮਹੀਨੇ ਕਰੋ ਅਤੇ ਇਸ ਤੋਂ ਇਲਾਵਾ ਇਕੱਲੀ ਜ਼ੀਰਮ 27 ਤਾਕਤ (1250 ਮਿ.ਲੀ.) ਜਾਂ ਪ੍ਰੋਪੀਕੋਨਾਜ਼ੋਲ 25 ਤਾਕਤ (500 ਮਿ.ਲੀ.) ਜਾਂ ਬਾਵਿਸਟਨ 50 ਤਾਕਤ (500 ਗ੍ਰਾਮ) ਦੇ ਛਿੜਕਾਅ ਅਖੀਰ ਜੁਲਾਈ ਅਤੇ ਅਖੀਰ ਸਤੰਬਰ ਮਹੀਨੇ ਹੋਰ ਕਰੋ ।

**ਸਾਵਧਾਨੀ :-** ਜੇਕਰ ਬਾਗ ਵਿੱਚ ਕੋਈ ਚੌੜੇ ਪੱਤਿਆਂ ਵਾਲੀ ਫਸਲ ਬੀਜੀ ਗਈ ਹੋਵੇ ਤਾਂ ਬੂਟਿਆਂ ਉੱਪਰ 2,4-ਡੀ ਦੀ ਬਜਾਏ 10 ਗ੍ਰਾਮ ਪ੍ਰਤੀ ਏਕੜ ਜਿਬਰੈਲਿਕ ਐਸਿਡ ਦਾ ਛਿੜਕਾਅ ਕਰੋ ।

**ਕੋਹੜ ਰੋਗ (ਕੈਂਕਰ) :-** ਜ਼ਿਆਦਾ ਸਿੱਲ੍ਹ ਅਤੇ ਮੀਂਹ ਇਸ ਰੋਗ ਦੇ ਵਾਧੇ ਲਈ ਬਹੁਤ ਅਨੁਕੂਲ ਹਨ । ਅਜਿਹੀਆਂ ਹਾਲਤਾਂ ਵਿੱਚ ਇਸ ਬਿਮਾਰੀ ਦਾ ਹਮਲਾ



ਨਵੀਂ ਫੋਟ 'ਤੇ ਬਹੁਤ ਨੁਕਸਾਨ ਕਰਦਾ ਹੈ । ਇਹ ਬਿਮਾਰੀ ਨਰਸਰੀ ਵਿੱਚ ਅਤੇ ਬਾਗ ਵਿੱਚ 2-3 ਸਾਲ ਦੇ ਬੂਟਿਆਂ 'ਤੇ ਬਹੁਤ ਹਮਲਾ ਕਰਦੀ ਹੈ । ਇਸ ਬਿਮਾਰੀ ਦੇ ਹਮਲੇ ਨਾਲ ਪੱਤਿਆਂ 'ਤੇ ਪੀਲੇ ਭੂਰੇ ਰੰਗ ਦੇ ਧੱਬੇ ਪੈ ਜਾਂਦੇ ਹਨ । ਇਹ ਧੱਬੇ ਪੱਤਿਆਂ ਦੇ ਦੋਵੇਂ ਪਾਸੇ ਉਠੇ ਨਜ਼ਰ ਆਉਂਦੇ ਹਨ ਅਤੇ ਇਹਨਾਂ ਧੱਬਿਆਂ ਦੇ ਆਲੇ-ਦੁਆਲੇ ਪੀਲੇ ਰੰਗ ਦੇ ਘੇਰੇ ਬਣ ਜਾਂਦੇ ਹਨ । ਧੱਬੇ ਆਪਸ ਵਿੱਚ ਮਿਲ ਕੇ ਸਾਰੇ ਦਾ ਸਾਰਾ ਪੱਤਾ ਢੱਕ ਲੈਂਦੇ ਹਨ । ਰੋਗੀ ਪੱਤੇ ਕਰੂੱਤੇ ਝੜ ਜਾਂਦੇ ਹਨ । ਟਾਹਣੀਆਂ ਉੱਤੇ ਇਹ ਧੱਬੇ ਵਿੰਗੇ ਟੇਢੇ ਤੇ ਭੂਰੇ ਰੰਗ ਦੇ ਹੁੰਦੇ ਹਨ । ਰੋਗੀ ਟਾਹਣੀਆਂ ਸੁੱਕ ਕੇ ਸੋਕੜਾ ਪੈਦਾ ਕਰ ਦਿੰਦੀਆਂ ਹਨ । ਜਿਸ ਕਾਰਣ ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ । ਫਲਾਂ 'ਤੇ ਇਹ ਧੱਬੇ ਖੁਰਦਰੇ ਹੁੰਦੇ ਹਨ, ਜੋ ਸਿਰਫ ਉੱਪਰਲੀ ਛਿੱਲ ਤੱਕ ਹੀ ਮਾਰ ਸਕਦੇ ਹਨ । ਰੋਗੀ ਫਲ ਮੰਡੀਕਰਨ ਦੇ ਯੋਗ ਨਹੀਂ ਰਹਿੰਦੇ ।

**ਰੋਕਥਾਮ :-** ਨਵਾਂ ਬਾਗ ਲਾਉਣ ਲਈ ਨਰਸਰੀ ਵਿੱਚੋਂ ਹਮੇਸ਼ਾਂ ਕੋਹੜ ਰੋਗ ਰਹਿਤ ਬੂਟੇ ਖਰੀਦੋ । ਜੇ ਨਰਸਰੀ ਵਿੱਚੋਂ ਖਰੀਦੇ ਗਏ ਬੂਟਿਆਂ ਦੇ ਪੱਤੇ ਜਾਂ ਟਾਹਣੀ 'ਤੇ ਕੋਹੜ ਰੋਗ ਦੀ ਨਿਸ਼ਾਨੀ ਨਜ਼ਰ ਆਵੇ ਤਾਂ ਰੋਗੀ ਪੱਤੇ ਜਾਂ ਟਾਹਣੀ ਨੂੰ ਕੱਟ ਕੇ ਹੀ ਬੂਟੇ ਨੂੰ ਬਾਗ ਵਿੱਚ ਲਗਾਉ । ਬੂਟਿਆਂ ਦੀਆਂ ਰੋਗੀਆਂ ਟਾਹਣੀਆਂ ਨੂੰ ਕੱਟ ਕੇ ਸਾੜ ਦਿਓ ਅਤੇ ਖਮਾਂ 'ਤੇ ਬੋਰਡੋ ਲੇਪ ਲਾ ਦਿਓ । ਰੋਗੀ ਫਲਾਂ ਨੂੰ ਚੰਗੀ ਤਰ੍ਹਾਂ ਨਸ਼ਟ ਕਰ ਦਿਉ । 50 ਗ੍ਰਾਮ ਸਟਰੈਪਟੋ-ਸਾਈਕਲੀਨ ਅਤੇ 25 ਗ੍ਰਾਮ ਕਾਪਰ ਸਲਫੇਟ (ਨੀਲਾ ਥੋਥਾ) ਨੂੰ 500 ਲੀਟਰ ਪਾਣੀ ਵਿੱਚ ਘੋਲ ਕੇ ਤਿੰਨ ਛਿੜਕਾਅ ਜੁਲਾਈ, ਅਗਸਤ ਅਤੇ ਸਤੰਬਰ ਵਿੱਚ ਕਰੋ । ਬੋਰਡੋ ਮਿਸ਼ਰਣ (2:2:250) ਜਾਂ ਕਾਪਰ ਆਕਸੀਕਲੋਰਾਈਡ 50 ਤਾਕਤ (3 ਗ੍ਰਾਮ ਪ੍ਰਤੀ ਲੀਟਰ ਪਾਣੀ) ਦੇ ਛਿੜਕਾਅ ਵੀ ਕੀਤੇ ਜਾ ਸਕਦੇ ਹਨ ।

**ਕਾਲਖ ਰੋਗ (ਸੂਟੀ ਮੋਲਡ) :-** ਸੂਟੀ ਮੋਲਡ ਉੱਲੀ ਵਾਲੇ ਬਿਮਾਰੀ ਰਸ ਚੂਸਣ ਵਾਲੇ ਕੀੜਿਆਂ ਦੇ ਮਲ-ਮੂਤਰ 'ਤੇ ਪੈਦਾ ਹੁੰਦੀ ਹੈ, ਜਿਸ ਨਾਲ ਪੱਤਿਆਂ ਅਤੇ ਫਲਾਂ 'ਤੇ ਕਾਲੇ ਰੰਗ ਦਾ ਧੂੜਾ ਜੰਮ ਜਾਂਦਾ ਹੈ । ਸੋਕੇ ਦੇ ਹਾਲਤਾਂ ਵਿੱਚ ਪ੍ਰਭਾਵਿਤ ਬੂਟਿਆਂ ਦੇ ਪੱਤੇ ਝੁਰੜ-ਮੁਰੜ ਜਿਹੇ ਨਜ਼ਰ ਆਉਂਦੇ ਹਨ । ਪ੍ਰਭਾਵਿਤ ਫਲ ਛੋਟੇ ਹੁੰਦੇ ਹਨ ਤੇ ਗਲ ਵੀ ਸਕਦੇ ਹਨ । ਇਨ੍ਹਾਂ ਫਲਾਂ ਦਾ ਰੰਗ ਦੇਰੀ ਨਾਲ ਆਉਂਦਾ ਹੈ ਅਤੇ ਇਹਨਾਂ ਫਲਾਂ 'ਤੇ ਜੰਮੀ ਹੋਈ ਕਾਲਖ ਆਸਾਨੀ ਨਾਲ ਨਹੀਂ ਉਤਰਦੀ । ਇਹ ਫਲ ਧੁੱਪ ਨਹੀਂ ਸਹਾਰ ਸਕਦੇ ਤੇ ਧੁੱਪ ਵਾਲੇ ਪਾਸੇ ਤੋਂ ਸੜ ਜਾਂਦੇ ਹਨ ਅਤੇ ਇਹ ਝੜ ਜਾਂਦੇ ਹਨ । ਗੰਭੀਰ ਹਾਲਤਾਂ ਵਿੱਚ ਪੌਦੇ 'ਤੇ ਫੁਟਾਰਾ ਘੱਟ ਆਉਂਦਾ ਹੈ ਅਤੇ ਅਗਲੇ ਸਾਲ ਫੁੱਲ ਤੇ ਫਲ ਵੀ ਘੱਟ ਲੱਗਦੇ ਹਨ । ਮੰਡੀ ਵਿੱਚ ਰੋਗੀ ਫਲਾਂ ਦਾ ਮੁੱਲ ਪੂਰਾ ਨਹੀਂ ਮਿਲਦਾ ਅਤੇ ਖਰੀਦਦਾਰ ਇਹਨਾਂ ਨੂੰ ਬਿਲਕੁਲ ਪਸੰਦ ਨਹੀਂ ਕਰਦੇ । ਇਹ ਰੋਗ ਸੰਘਣੇ ਬਾਗਾਂ ਅਤੇ ਛਾਂ ਵਾਲੇ ਪਾਸੇ ਜ਼ਿਆਦਾ ਹੁੰਦਾ ਹੈ । ਇਹ ਰੋਗ ਸੰਘਣੇ ਬਾਗਾਂ ਅਤੇ ਛਾਂ ਵਾਲੇ ਪਾਸੇ ਜ਼ਿਆਦਾ ਹੁੰਦਾ ਹੈ । ਕਾਲਖ ਕਾਰਨ ਪੱਤੇ ਸੂਰਜ ਦੀ ਰੋਸ਼ਨੀ ਤੋਂ ਆਪਣੀ ਲੋੜੀਂਦੀ ਮਾਤਰਾ ਵਿੱਚ ਖੁਰਾਕ ਨਹੀਂ ਬਣਾ ਸਕਦੇ ।

**ਰੋਕਥਾਮ :-** ਇਸ ਰੋਗ ਦੀ ਸੰਪੂਰਨ ਰੋਕਥਾਮ ਲਈ ਕੀਟਨਾਸ਼ਕ ਅਤੇ ਉੱਲੀਨਾਸ਼ਕ ਦਵਾਈਆਂ ਨੂੰ ਆਪਸ ਵਿੱਚ ਮਿਲਾ ਕੇ ਕਰੋ । ਚਿੱਟੀ ਮੱਖੀ ਤੇ ਇਸ ਤੋਂ ਪੈਦਾ ਹੋਈ ਕਾਲਖ ਦੀ ਰੋਕਥਾਮ ਦੇ ਲਈ 1000 ਮਿਲੀਲੀਟਰ ਫਾਸਮਾਈਟ 50 ਤਾਕਤ ਐਲ 1250 ਮਿਲੀਲੀਟਰ ਜ਼ੀਰਮ 27 ਤਾਕਤ ਨੂੰ ਮਿਲਾਕੇ 500 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਅਗਸਤ, ਸਤੰਬਰ ਅਤੇ ਅਕਤੂਬਰ ਦੌਰਾਨ ਛਿੜਕਾਅ ਕਰੋ ।



# ਪੰਜਾਬ ਆਪਣੀ ਬਰਾਮਦ ਵਿੱਚ ਵਾਧਾ ਕਿਵੇਂ ਕਰੇ?

**ਡਾ. ਰਾਜ ਮਾਨ,**
**ਟੀਚਿੰਗ ਫੈਲੋ, ਫੈਕਲਟੀ ਆਫ ਮੈਡੀਸਿਨ, ਇੰਪੀਰੀਅਲ ਕਾਲਜ, ਲੰਡਨ (ਯੂ. ਕੇ.)**

ਇਸ ਲੇਖ ਵਿਚ ਮੈਂ ਪਹਿਲਾਂ ਦੱਸਾਂਗਾ ਕਿ ਭਾਰਤ ਤੋਂ ਖੇਤੀ ਨਿਰਯਾਤ ਵਿਚ ਪੰਜਾਬ ਦੀ ਕਾਰਗੁਜ਼ਾਰੀ ਕੀ ਹੈ ? ਦੂਜਾ, ਮੈਂ ਦੱਸਾਗਾ ਕਿ ਹਰਿਆਣਾ, ਦਿੱਲੀ ਅਤੇ ਉੱਤਰ ਪ੍ਰਦੇਸ਼ (ਯੂ. ਪੀ.) ਜੋ ਸਮੁੰਦਰੀ ਬੰਦਰਗਾਹਾਂ ਤੋਂ ਦੂਰੀ 'ਤੇ ਸਥਿਤ ਹਨ, ਪੰਜਾਬ ਦੇ ਮੁਕਾਬਲੇ ਖੇਤੀ ਨਿਰਯਾਤ ਵਿਚ ਉਨ੍ਹਾਂ ਦੀ ਕਾਰਗੁਜ਼ਾਰੀ ਕੀ ਹੈ ? ਮੈਂ ਇਹ 'ਐਗਰੀਕਲਚਰਲ ਡਿਵੈੱਲਪਮੈਂਟ ਅਥਾਰਟੀ (ਏ ਪੀ ਈ ਡੀ ਏ)' ਤੋਂ ਉਪਲਬਧ ਨਿਰਯਾਤ ਡੇਟਾ ਦਾ ਵਿਸ਼ਲੇਸ਼ਣ ਕਰ ਕੇ ਬਿਆਨ ਕਰਾਂਗਾਂ। ਮੈਂ ਸੰਖੇਪ ਵਿਚ, ਇਸ ਡੇਟਾ ਤੋਂ ਪ੍ਰਾਪਤ ਨਤੀਜਿਆਂ/ਖੋਜਾਂ ਦੇ ਪਿੱਛੇ ਦੇ ਕਾਰਨਾਂ ਦੀ ਪੜਚੋਲ ਕਰਨ ਦੀ ਕੋਸ਼ਿਸ਼ ਕਰਾਂਗਾ। ਤੀਜਾ, ਨਤੀਜਿਆਂ ਦੇ ਆਧਾਰ 'ਤੇ ਮੈਂ ਟਿੱਪਣੀ ਕਰਾਂਗਾ ਕਿ ਕਿਵੇਂ ਭਾਰਤ-ਮੱਧ ਪੂਰਬ-ਯੂਰਪ ਕੋਰੀਡੋਰ (IMEC) ਪੰਜਾਬ ਨੂੰ ਖੇਤੀ ਨਿਰਯਾਤ ਲਈ ਲਾਭ ਪਹੁੰਚਾ ਸਕਦਾ ਹੈ।

ਪਹਿਲਾਂ, ਆਓ ਦੇਖੀਏ ਕਿ ਭਾਰਤ ਤੋਂ ਖੇਤੀ ਨਿਰਯਾਤ ਵਿਚ ਪੰਜਾਬ ਦੀ ਕਿਸ ਤਰ੍ਹਾਂ ਦੀ ਕਾਰਗੁਜ਼ਾਰੀ ਹੈ। ਸਾਲ 2023-24 ਵਿਚ, ਭਾਰਤ ਦਾ ਵਿਸ਼ਵਵਿਆਪੀ ਖੇਤੀ ਨਿਰਯਾਤ 212098 ਕਰੋੜ ਰੁਪਏ ਦਾ ਸੀ ਅਤੇ ਗੁਰਜਾਤ 58655 ਕਰੋੜ ਰੁਪਏ ਦੇ ਨਿਰਯਾਤ ਅਤੇ ਭਾਰਤ ਦੇ ਕੁੱਲ ਖੇਤੀ ਨਿਰਯਾਤ ਦੇ 27.65% ਦੇ ਹਿੱਸੇ ਦੇ ਨਾਲ ਸਭ ਤੋਂ ਵੱਡਾ ਨਿਰਯਾਤਕ ਸੀ। ਪੰਜਾਬ ਦੇ ਗੁਆਂਢੀ ਰਾਜ ਹਰਿਆਣਾ ਨੇ 9.17% ਦੇ ਹਿੱਸੇ ਨਾਲ 19445 ਕਰੋੜ ਰੁਪਏ ਦੇ ਖੇਤੀ ਉਤਪਾਦ ਨਿਰਯਾਤ ਕੀਤੇ, ਜਦੋਂ ਕਿ ਪੰਜਾਬ ਦਾ ਨਿਰਯਾਤ ਕਾਫੀ ਘੱਟ ਸੀ। ਪੰਜਾਬ ਨੇ 2.88% ਦੇ ਹਿੱਸੇ ਦੇ ਨਾਲ 6117 ਕਰੋੜ ਰੁਪਏ ਦਾ ਨਿਰਯਾਤ ਕੀਤਾ। ਇਸ ਲਈ ਸਭ ਤੋਂ ਪਹਿਲਾਂ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਪੰਜਾਬ ਤੋਂ ਖੇਤੀ ਨਿਰਯਾਤ ਬਹੁਤ ਘੱਟ ਹੈ।

ਦੂਜੇ ਭਾਗ 'ਤੇ ਆਉਂਦੇ ਹੋਏ, ਆਓ ਅਸੀਂ ਹਰਿਆਣਾ, ਦਿੱਲੀ ਅਤੇ ਉੱਤਰ ਪ੍ਰਦੇਸ਼ ਦੀ ਸਮੁੰਦਰੀ ਬੰਦਰਗਾਹਾਂ ਤੋਂ ਦੂਰੀ ਪੰਜਾਬ ਨਾਲੋਂ ਘੱਟ ਹੋ ਸਕਦੀ ਹੈ, ਪਰ ਉਹ ਫਿਰ ਵੀ ਬੰਦਰਗਾਹਾਂ ਤੋਂ ਦੂਰ ਸਥਿਤ ਹਨ, ਇਹ ਗੱਲ ਪੰਜਾਬ ਨਾਲ ਤੁਲਨਾ ਨੂੰ ਜਾਇਜ਼ ਠਹਿਰਾਉਂਦੀ ਹੈ।

ਆਉ, ਅਸੀਂ ਪਹਿਲਾਂ ਹਵਾਈ ਰਸਤੇ ਦੁਆਰਾ ਖੇਤੀਬਾੜੀ ਉਤਪਾਦਾਂ ਦੇ ਨਿਰਯਾਤ ਨੂੰ ਵੇਖੀਏ। ਬਦਕਿਸਮਤੀ ਨਾਲ 2023-24 ਦੌਰਾਨ ਪੰਜਾਬ ਅਤੇ ਹਰਿਆਣਾ ਨੇ ਹਵਾਈ ਰਸਤੇ ਰਾਹੀਂ ਕੋਈ ਉਤਪਾਦ ਨਿਰਯਾਤ ਨਹੀਂ ਕੀਤਾ। ਇਸ ਸਮੇਂ ਦੌਰਾਨ ਦਿੱਲੀ ਅਤੇ ਉੱਤਰ ਪ੍ਰਦੇਸ਼ ਨੇ ਕ੍ਰਮਵਾਰ 971 ਕਰੋੜ ਰੁਪਏ ਅਤੇ 87 ਕਰੋੜ ਰੁਪਏ ਦੇ ਖੇਤੀ ਉਤਪਾਦ ਹਵਾਈ ਰਸਤੇ ਨਾਲ ਬਰਾਮਦ ਕੀਤੇ। ਇੰਨਾ ਹੀ ਨਹੀਂ। ਪੰਜਾਬ ਅਤੇ ਹਰਿਆਣਾ ਨੇ 2020 ਅਤੇ 2023 ਦਰਮਿਆਨ ਹਵਾਈ ਰਸਤੇ ਰਾਹੀਂ ਕੋਈ ਬਰਾਮਦ ਦਰਜ ਨਹੀਂ ਕੀਤੀ, ਜਦੋਂ ਕਿ ਦਿੱਲੀ ਅਤੇ ਉੱਤਰ ਪ੍ਰਦੇਸ਼ ਦੋਵਾਂ ਨੇ ਇਨ੍ਹਾਂ ਸਾਲਾਂ ਦੌਰਾਨ ਮਹੱਤਵਪੂਰਨ ਮਾਤਰਾ ਵਿਚ ਨਿਰਯਾਤ ਕੀਤਾ। ਹਾਲਾਂਕਿ, ਹਵਾਈ ਰਸਤੇ ਦੁਆਰਾ ਨਿਰਯਾਤ ਨਾ ਹੋਣ ਦੇ ਬਾਵਜੂਦ, ਜਿਵੇਂ ਕਿ ਉੱਪਰ ਦਿਖਾਇਆ ਗਿਆ ਹੈ, ਹਰਿਆਣਾ ਨੇ 2023-24 ਵਿਚ ਪੰਜਾਬ ਨਾਲੋਂ ਕਾਫੀ ਵੱਧ ਬਰਾਮਦ ਕੀਤੀ ਸੀ। ਆਓ, ਇਨ੍ਹਾਂ ਰਾਜਾਂ ਤੋਂ ਕੁਝ ਪ੍ਰਮੁੱਖ/ਚੁਣੇ ਉਤਪਾਦਾਂ ਦੇ ਨਿਰਯਾਤ 'ਤੇ ਡੂੰਘਾਈ ਨਾਲ ਵਿਚਾਰ ਕਰੀਏ।

2023-24 ਦੇ ਕੁਝ ਪ੍ਰਮੁੱਖ ਉਤਪਾਦਾਂ ਦੇ ਅੰਕੜਿਆਂ ਨੂੰ ਦੇਖਦੇ ਹੋਏ ਦਿੱਲੀ ਨੇ ਹਵਾਈ ਰਸਤੇ ਦੁਆਰਾ ਨਿਰਯਾਤ ਕੀਤਾ। 413 ਕਰੋੜ ਰੁਪਏ ਦਾ ਭੇਡ-ਬੱਕਰੀ ਦਾ ਮਾਸ, 222 ਕਰੋੜ ਰੁਪਏ ਦਾ ਮੱਝ ਮਾਸ, 173 ਕਰੋੜ ਰੁਪਏ ਦੀਆਂ ਫੁਟਕਲ ਤਿਆਰ ਵਸਤਾਂ, 62 ਕਰੋੜ ਰੁਪਏ ਦੇ ਫਲ ਅਤੇ ਸਬਜ਼ੀਆਂ ਦੇ ਬੀਜ, 19 ਕਰੋੜ ਰੁਪਏ ਦੀਆਂ ਹੋਰ ਤਾਜ਼ੀਆਂ ਸਬਜ਼ੀਆਂ, 14 ਕਰੋੜ ਰੁਪਏ ਦੀਆਂ ਪ੍ਰੋਸੈੱਸਡ ਸਬਜ਼ੀਆਂ, 9-9 ਕਰੋੜ ਰੁਪਏ ਦੀਆਂ ਫਲੋਰੀਕਲਚਰ ਅਤੇ ਅਨਾਜ ਦੀਆਂ ਤਿਆਰ ਚੀਜ਼ਾਂ, 8 ਕਰੋੜ ਰੁਪਏ ਦੇ ਪੋਲਟਰੀ ਉਤਪਾਦ ਅਤੇ ਬਾਸਮਤੀ ਚਾਵਲ ਅਤੇ 5 ਕਰੋੜ ਰੁਪਏ ਦੇ ਪ੍ਰੋਸੈੱਸਡ ਫਲ, ਜੂਸ ਅਤੇ ਮੇਵੇ।

2023-24 ਵਿਚ, ਉੱਤਰ ਪ੍ਰਦੇਸ਼ ਨੇ ਹਵਾਈ ਰਸਤੇ ਰਾਹੀਂ 63 ਕਰੋੜ ਰੁਪਏ ਦਾ ਮੱਝ ਦਾ ਮਾਸ, 18 ਕਰੋੜ ਰੁਪਏ ਦਾ ਭੇਡ / ਬੱਕਰੀ ਦਾ ਮਾਸ ਅਤੇ 5 ਕਰੋੜ ਰੁਪਏ ਦੀਆਂ ਹੋਰ ਤਾਜ਼ੀਆਂ ਸਬਜ਼ੀਆਂ ਨਿਰਯਾਤ ਕੀਤੀਆਂ। ਇਹ ਗੱਲ ਸਮਝ ਤੋਂ ਬਾਹਰ ਹੈ ਕਿ ਜਿਸ ਦਿੱਲੀ ਅਤੇ ਉੱਤਰ ਪ੍ਰਦੇਸ਼ ਹਵਾਈ ਰਸਤੇ ਰਾਹੀਂ ਖੇਤੀ ਉਤਪਾਦਾਂ ਦੀ ਬਰਾਮਦ ਕਰ ਰਹੇ ਹਨ, ਫਿਰ ਵੀ ਪੰਜਾਬ ਨੇ ਆਪਣੇ ਖੇਤੀ ਉਤਪਾਦਾਂ ਨੂੰ ਹਵਾਈ ਰਸਤੇ ਰਾਹੀਂ ਨਿਰਯਾਤ ਕਰਨ ਲਈ ਕੋਈ ਉਪਰਾਲਾ ਕਿਉਂ ਨਹੀਂ ਕੀਤਾ ?

ਰੇਲ/ਸੜਕ ਅਤੇ ਅੰਦਰੂਨੀ ਕੰਟੇਨਰ ਡਿਪੂ (934) ਰਾਹੀਂ ਨਿਰਯਾਤ ਨੂੰ ਦੇਖਦੇ ਹੋਏ, ਆਓ ਅਸੀਂ ਮੁਲਾਂਕਣ ਕਰੀਏ ਕਿ ਪੰਜਾਬ ਨੇ ਕੁਝ ਚੁਣੇ ਹੋਏ ਉਤਪਾਦਾਂ ਦੇ ਨਿਰਯਾਤ ਵਿਚ, ਖਾਸ ਕਰਕੇ ਹਰਿਆਣਾ, ਜੋ ਕਿ ਸਮੁੰਦਰੀ ਬੰਦਰਗਾਹਾਂ ਤੋਂ ਦੂਰੀ 'ਤੇ ਸਥਿਤ ਹੈ, ਦੀ ਤੁਲਨਾ ਵਿਚ ਕਿਵੇਂ ਦੀ ਕਾਰਗੁਜ਼ਾਰੀ ਦਿਖਾਈ। ਮੈਂ ਦਲੀਲ ਨੂੰ ਵਿਸ਼ਾਲ ਅਤੇ ਮਜ਼ਬੂਤ ਕਰਨ ਲਈ ਦਿੱਲੀ ਦੁਆਰਾ ਨਿਰਯਾਤ ਕੀਤੇ ਗਏ ਕੁਝ ਚੋਣਵੇਂ ਉਤਪਾਦਾਂ ਦਾ ਵੀ ਜ਼ਿਕਰ ਕਰਾਂਗਾ।

ਸਾਲ 2023-24 ਵਿਚ ਮੁੱਖ ਉਤਪਾਦਾਂ ਦੇ ਨਿਰਯਾਤ ਨੂੰ ਵੇਖਦੇ ਹੋਏ, ਹਰਿਆਣਾ ਨੇ 131220 ਕਰੋੜ ਰੁਪਏ ਦੇ ਬਾਸਮਤੀ ਚੌਲਾਂ ਦੀ ਬਰਾਮਦ ਕੀਤੀ, ਜਦੋਂ ਕਿ ਪੰਜਾਬ 3769 ਕਰੋੜ ਰੁਪਏ ਦੇ ਨਿਰਯਾਤ ਨਾਲ ਬਹੁਤ ਪਿੱਛੇ ਰਿਹਾ। ਵਾਰ-ਵਾਰ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਵਧੇਰੇ ਬਾਸਮਤੀ ਚੌਲਾਂ ਦੀ ਕਾਸ਼ਤ ਪੰਜਾਬ ਨੂੰ ਪਾਣੀ ਦੀ ਬੱਚਤ ਕਰਨ ਅਤੇ ਨਿਰਯਾਤ ਰਾਹੀਂ ਵਧੇਰੇ ਕਮਾਈ ਕਰਨ ਵਿਚ ਮਦਦ ਕਰ ਸਕਦੀ ਹੈ। ਇਹ ਅੰਕੜੇ ਇਸ ਦਲੀਲ ਨੂੰ ਉਜਾਗਰ ਕਰਦੇ ਹਨ। ਜੇਕਰ ਹਰਿਆਣਾ ਇੰਨਾ ਬਾਸਮਤੀ ਚਾਵਲ ਬਰਾਮਦ ਕਰ ਸਕਦਾ ਹੈ ਤਾਂ ਪੰਜਾਬ ਕਿਉਂ ਨਹੀਂ ? ਇਸੇ ਸਾਲ ਹਰਿਆਣਾ ਨੇ 3270 ਕਰੋੜ ਰੁਪਏ ਦਾ ਮੱਝਾਂ ਦਾ ਮਾਸ ਬਰਾਮਦ ਕੀਤਾ ਜਦਕਿ ਪੰਜਾਬ ਨੇ ਮੱਝ ਦਾ ਮਾਸ ਬਰਾਮਦ ਨਹੀਂ ਕੀਤਾ।

ਹਰਿਆਣਾ ਨੇ 664 ਕਰੋੜ ਰੁਪਏ ਦੀ ਕੁਦਰਤੀ ਸ਼ਹਿਦ ਦੀ ਬਰਾਮਦ ਕੀਤੀ, ਜਦਕਿ ਪੰਜਾਬ ਨੇ 419 ਕਰੋੜ ਰੁਪਏ ਦੀ ਕੁਦਰਤੀ ਸ਼ਹਿਦ ਦੀ ਬਰਾਮਦ ਕੀਤੀ।

ਹਰਿਆਣਾ ਨੇ 528 ਕਰੋੜ ਰੁਪਏ ਦੇ ਗੈਰ-ਬਾਸਮਤੀ ਚੌਲਾਂ ਦੀ ਬਰਾਮਦ ਕੀਤੀ, ਜਦੋਂ ਕਿ ਪੰਜਾਬ ਸਿਰਫ 271 ਕਰੋੜ ਰੁਪਏ ਦੇ ਨਿਰਯਾਤ ਨਾਲ ਕਾਫੀ ਪਿੱਛੇ ਰਿਹਾ। ਹਰਿਆਣਾ ਨੇ 284 ਕਰੋੜ ਰੁਪਏ ਦੇ ਗੁਆਰਗਮ ਦਾ ਨਿਰਯਾਤ ਕੀਤਾ, ਜਦੋਂ ਕਿ ਪੰਜਾਬ ਤੋਂ ਗੁਆਰਗਮ ਦਾ ਨਿਰਯਾਤ ਬਹੁਤ ਜ਼ਿਆਦਾ ਘੱਟ 0.18 ਕਰੋੜ ਰੁਪਏ ਦਾ ਰਿਹਾ।

ਹਰਿਆਣਾ ਨੇ 36 ਕਰੋੜ ਰੁਪਏ ਦਾ ਕੈਸੀਨ ਬਰਾਮਦ ਕੀਤਾ, ਜਦਕਿ ਪੰਜਾਬ ਨੇ ਕੋਈ ਕੈਸੀਨ ਬਰਾਮਦ ਨਹੀਂ ਕੀਤਾ।

ਪੰਜਾਬੀ ਡੇਅਰੀ ਉਤਪਾਦਾਂ ਦੇ ਨਿਰਯਾਤ ਵਿਚ ਵੀ ਪਿੱਛੇ ਰਿਹਾ, ਜਿਸ ਵਿਚ 34 ਕਰੋੜ ਰੁਪਏ ਦਾ ਨਿਰਯਾਤ ਹੋਇਆ, ਜਦਕਿ ਹਰਿਆਣਾ ਤੋਂ 146 ਕਰੋੜ ਰੁਪਏ ਦਾ ਨਿਰਯਾਤ ਹੋਇਆ।

ਹਰਿਆਣਾ ਅਤੇ ਦਿੱਲੀ ਨੇ ਕ੍ਰਮਵਾਰ 39 ਕਰੋੜ ਰੁਪਏ ਅਤੇ 24 ਕਰੋੜ ਰੁਪਏ ਦੀ ਪਸ਼ੂ ਖੁਰਾਕ ਨਿਰਯਾਤ ਕੀਤੀ, ਜਦੋਂ ਕਿ ਪੰਜਾਬ ਨੇ ਸਿਰਫ 4 ਕਰੋੜ ਰੁਪਏ ਦੀ ਪਸ਼ੂ ਖੁਰਾਕ ਨਿਰਯਾਤ ਕੀਤਾ। ਹਰਿਆਣਾ ਅਤੇ ਦਿੱਲੀ ਨੇ ਕ੍ਰਮਵਾਰ 319 ਕਰੋੜ ਰੁਪਏ ਅਤੇ 13 ਕਰੋੜ ਰੁਪਏ ਦੇ ਪ੍ਰੋਸੈੱਸਡ ਫਲ, ਜੂਸ ਅਤੇ ਮੇਵਿਆਂ ਦੀ ਬਰਾਮਦ ਕੀਤੀ, ਜਦੋਂ ਕਿ ਪੰਜਾਬ ਦਾ ਨਿਰਯਾਤ ਸਿਰਫ 7 ਕਰੋੜ ਰੁਪਏ ਸੀ। ਹਰਿਆਣਾ ਤੋਂ ਦਾਲਾਂ ਦੀ ਬਰਾਮਦ 45 ਕਰੋੜ ਰੁਪਏ ਦੀ ਸੀ, ਜਦੋਂ ਕਿ ਪੰਜਾਬ ਤੋਂ ਇਹ ਸਿਰਫ 3 ਕਰੋੜ ਰੁਪਏ ਦੀ ਸੀ। ਉਪਰੋਕਤ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ (i) ਪੰਜਾਬ ਤੋਂ ਖੇਤੀਬਾੜੀ ਨਿਰਯਾਤ ਬਹੁਤ ਘੱਟ ਹੈ (ii) ਦਿੱਲੀ ਅਤੇ ਉੱਤਰ ਪ੍ਰਦੇਸ਼ ਹਵਾਈ ਰਸਤੇ ਰਾਹੀਂ ਵੀ ਖੇਤੀ ਉਤਪਾਦਾਂ ਦੀ ਬਰਾਮਦ ਕਰ ਰਹੇ ਹਨ, ਜਦੋਂ ਕਿ ਪੰਜਾਬ ਹਵਾਈ ਰਸਤੇ ਰਾਹੀਂ ਕੋਈ ਨਿਰਯਾਤ ਨਹੀਂ ਕਰ ਰਿਹਾ, ਅਤੇ (iii) ਪੰਜਾਬ ਦਾ ਗੁਆਂਢੀ ਰਾਜ ਹਰਿਆਣਾ ਰੇਲ/ਸੜਕ ਅਤੇ ਆਈ.ਸੀ.ਡੀ. ਰਾਹੀਂ ਪੰਜਾਬ ਨਾਲੋਂ ਵੱਡੀ ਮਾਤਰਾ ਵਿਚ ਖੇਤੀ ਉਤਪਾਦਾਂ ਦਾ ਨਿਰਯਾਤ ਕਰ ਰਿਹਾ ਹੈ। ਸਮੁੰਦਰੀ ਬੰਦਰਗਾਹਾਂ ਤੋਂ ਦੂਰ ਸਥਿਤ ਹੋਣ ਦਾ ਬਾਵਜੂਦ ਹੀ ਹਰਿਆਣਾ ਖੇਤੀਬਾੜੀ ਨਿਰਯਾਤ ਵਿਚ ਬਹੁਤ ਵਧੀਆ ਪ੍ਰਦਰਸ਼ਨ ਕਰ ਰਿਹਾ ਹੈ। ਪੰਜਾਬ ਦੀਆਂ



ਬਰਾਮਦਾਂ ਨੂੰ ਵਧਾਉਣ ਦੇ ਯਤਨ ਕਰਨੇ ਚਾਹੀਦੇ ਹਨ। ਇਹ ਤੱਥ ਕਿ ਹਰਿਆਣਾ ਪਹਿਲਾਂ ਹੀ ਇਨ੍ਹਾਂ ਉਤਪਾਦਾਂ ਦਾ ਨਿਰਯਾਤ ਕਰ ਰਿਹਾ ਹੈ, ਇਹ ਦਰਸਾਉਂਦਾ ਹੈ ਕਿ ਇਨ੍ਹਾਂ ਲਈ ਮੰਡੀ ਮੌਜੂਦ ਹੈ। ਜੇਕਰ ਮੰਡੀ ਮੌਜੂਦ ਹੈ ਤਾਂ ਅਹਿਮ ਸਵਾਲ ਇਹ ਹੈ ਕਿ ਪੰਜਾਬ ਆਪਣੀ ਬਰਾਮਦ ਵਧਾਉਣ ਵਿਚ ਦਿਲਚਸਪੀ ਕਿਉਂ ਨਹੀਂ ਰੱਖਦਾ ?

ਪੰਜਾਬ ਦੀ ਨਿਰਯਾਤ ਸਥਿਤੀ ਦਾ ਇੱਕ ਮੁੱਖ ਕਾਰਨ ਘੱਟੋ-ਘੱਟ ਸਮਰਥਨ ਮੁੱਲ (ਐੱਮ. ਐੱਸ. ਪੀ.) ਅਤੇ ਚੌਲਾਂ ਅਤੇ ਕਣਕ ਦੀ ਯਕੀਨੀ ਖਰੀਦ ਹੈ ਜਿਸ ਨਾਲ ਕਿਸਾਨਾਂ ਨੂੰ ਗਾਰੰਟੀਸ਼ੁਦਾ ਆਮਦਨ ਮਿਲਦੀ ਹੈ ਹਾਲਾਂਕਿ ਐੱਮ. ਐੱਸ. ਪੀ. ਅਤੇ ਯਕੀਨੀ ਖਰੀਦ ਹਰਿਆਣਾ 'ਤੇ ਵੀ ਲਾਗੂ ਹੈ।

ਪੰਜਾਬ ਤੋਂ ਘੱਟ ਖੇਤੀ ਨਿਰਯਾਤ ਦਾ ਇਕ ਹੋਰ ਅਕਸਰ ਦਿੱਤਾ ਜਾਂਦਾ ਕਾਰਨ ਇਹ ਹੈ ਕਿ ਇਹ ਇੱਕ ਭੂਮੀਗਤ ਰਾਜ (Land Locked State) ਹੈ ਅਤੇ ਗੁਜਰਾਤ ਸਥਿਤ ਸਮੁੰਦਰੀ ਬੰਦਰਗਾਹਾਂ ਤੱਕ ਇਸਦੀ ਦੂਰੀ ਨੂੰ ਬੰਦਰਗਾਹਾਂ ਦੇ ਨੇੜੇ ਸਥਿਤ ਰਾਜਾਂ ਦੀ ਤੁਲਨਾ ਵਿਚ ਸਥਾਨਿਕ ਤੌਰ 'ਤੇ ਨੁਕਸਾਨ ਵਿਚ ਪਾਉਂਦੀ ਹੈ। ਹਾਲਾਂਕਿ, ਹਰਿਆਣਾ ਵੀ ਸਮੁੰਦਰੀ ਬੰਦਰਗਾਹਾਂ ਤੋਂ ਕਾਫੀ ਦੂਰ ਸਥਿਤ ਹੈ, ਪਰ ਇਹ ਖੇਤੀ ਨਿਰਯਾਤ ਵਿਚ ਪੰਜਾਬ ਨਾਲੋਂ ਬਹੁਤ ਵਧੀਆ ਪ੍ਰਦਰਸ਼ਨ ਕਰ ਰਿਹਾ ਹੈ। ਇਸ ਲਈ ਉਪਰੋਕਤ ਦੋਵੇਂ ਕਾਰਨ (ਐੱਮ. ਐੱਸ. ਪੀ. ਤੇ ਯਕੀਨੀ ਖਰੀਦ ਅਤੇ ਸਮੁੰਦਰੀ ਬੰਦਰਗਾਹਾਂ ਤੋਂ ਦੂਰੀ) ਪੰਜਾਬ ਤੋਂ ਘੱਟ ਨਿਰਯਾਤ ਦੀ ਸਹੀ/ਪੂਰੀ ਵਿਆਖਿਆ ਨਹੀਂ ਕਰਦੇ। ਅੰਕੜਿਆਂ ਦੁਆਰਾ ਪ੍ਰਦਾਨ ਕੀਤੇ ਗਏ ਸਬੂਤਾਂ ਦੀ ਰੋਸ਼ਨੀ ਵਿਚ, ਪੰਜਾਬ ਤੋਂ ਘੱਟ ਨਿਰਯਾਤ ਦੀ ਇਕ ਮੰਨਣਯੋਗ ਵਿਆਖਿਆ ਇਸ ਦੇ ਸਿਆਸੀ ਸ਼ਾਸਨਾ ਵਲੋਂ ਇਸ ਦੀ ਖੇਤੀ-ਆਰਥਿਕਤਾ ਵਿਚ ਲਗਾਤਾਰ ਵਿਖਾਈ ਗੈਰ-ਗੰਭੀਰਤਾ ਅਤੇ ਬੇਰੁਖੀ ਹੋ ਸਕਦੀ ਹੈ। ਅਟਾਰੀ-ਵਾਹਗਾ ਜ਼ਮੀਨੀ ਬੰਦਰਗਾਹ ਰਾਹੀਂ ਹੋਣ ਵਾਲਾ ਵਪਾਰ ਅਗਸਤ 2019 ਤੋਂ ਬੰਦ ਹੈ। ਇਸ ਲਈ ਜਦੋਂ ਤੱਕ ਇਹ ਜ਼ਮੀਨੀ ਰਸਤਾ ਨਹੀ ਖੋਲ੍ਹਿਆ ਜਾਂਦਾ, ਉਦੋਂ ਤੱਕ ਸਮੁੰਦਰੀ ਰਸਤੇ ਰਾਹੀਂ ਉਪਲਬਧ ਮੌਕਿਆਂ ਦਾ ਪਤਾ ਲਗਾਉਣ ਦੀ ਲੋੜ ਹੈ। ਇਹ ਸਾਨੂੰ ਲੇਖ ਦੇ ਤੀਜੇ ਭਾਗ ਵੱਲ ਲਿਆਉਂਦਾ ਹੈ, IMEC ਪੰਜਾਬ ਨੂੰ ਕਿਵੇਂ ਲਾਭ ਪਹੁੰਚਾ ਸਕਦਾ ਹੈ ? ਜਿਵੇਂ ਕਿ ਉੱਪਰ ਦਿਖਾਇਆ ਗਿਆ ਹੈ ਕਿ ਹਰਿਆਣਾ ਖੇਤੀਬਾੜੀ ਨਿਰਯਾਤ ਵਿਚ ਪੰਜਾਬ ਨਾਲੋਂ ਬਹੁਤ ਵਧੀਆ ਪ੍ਰਦਰਸ਼ਨ ਕਰ ਰਿਹਾ ਹੈ, ਇਹ ਦਰਸਾਉਂਦਾ ਹੈ ਕਿ IMEC ਇਕ ਵਾਰ ਚਾਲੂ ਹੋ ਜਾਣ ਤੋਂ ਬਾਅਦ ਕਾਫੀ ਸੰਭਾਵਨਾਵਾਂ ਰੱਖਦਾ ਹੈ।

ਹਾਲਾਂਕਿ, ਦੂਰੀ ਦੀ ਦਲੀਲ IMEC 'ਤੇ ਵੀ ਲਾਗੂ ਹੋਵੇਗੀ, ਜੋ ਗੁਜਰਾਤ / ਮਹਾਰਾਸ਼ਟਰ ਤੋਂ ਸਮੁੰਦਰੀ ਮਾਰਗ ਰਾਹੀਂ ਭਾਰਤ ਨਾਲ ਜੁੜੇਗਾ। ਪਰ ਦੂਰੀ 'ਤੇ ਸਥਿਤ ਹਰਿਆਣੇ ਦਾ ਪਹਿਲਾਂ ਹੀ ਸਮੁੰਦਰੀ ਬੰਦਰਗਾਹਾਂ ਰਾਹੀਂ ਖੇਤੀਬਾੜੀ ਨਿਰਯਾਤ ਵਿਚ ਚੰਗਾ ਪ੍ਰਦਰਸ਼ਨ ਕਰਦੇ ਹੋਣਾ ਦਰਸਾਉਂਦਾ ਹੈ ਕਿ IMEC ਪੰਜਾਬ ਲਈ ਵੀ ਲਾਹੇਵੰਦ ਸਾਬਤ ਹੋ ਸਕਦਾ ਹੈ। ਇਸ ਲਈ ਪੰਜਾਬ ਨੂੰ ਹੁਣ ਤੋਂ ਹੀ ਆਪਣੇ ਖੇਤੀ ਨਿਰਯਾਤ ਨੂੰ ਸੁਧਾਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ। ਪੰਜਾਬ ਦੁਆਰਾ ਹੁਣੇ ਕੀਤੇ ਗਏ ਇਨ੍ਹਾਂ ਯਤਨਾਂ ਦਾ IMEC ਦੇ ਕਾਰਜਸ਼ੀਲ ਹੋ ਜਾਣ 'ਤੇ ਖੇਤੀਬਾੜੀ ਨਿਰਯਾਤ ਵਿਚ ਵਧੇਰੇ ਲਾਭ ਮਿਲ ਸਕਦਾ ਹੈ।

ਇਹ ਲੇਖ ਕੁਝ ਸਮਝ ਪ੍ਰਦਾਨ ਕਰਦਾ ਹੈ ਜਿਸ ਦੀ ਪੰਜਾਬ ਪ੍ਰਸ਼ਾਸਨ ਸੜਕ/ਰੇਲ, ਸਮੁੰਦਰੀ ਅਤੇ ਹਵਾਈ ਰਸਤੇ ਰਾਹੀਂ ਆਪਣੇ ਖੇਤੀਬਾੜੀ ਨਿਰਯਾਤ ਨੂੰ ਬਿਹਤਰ ਬਣਾਉਣ ਲਈ ਵਰਤੋਂ ਕਰ ਸਕਦਾ ਹੈ।

# ਸਰਦੀਆਂ ਵਿਚ ਲੱਗਣ ਵਾਲੀਆਂ ਸਬਜ਼ੀਆਂ ਬਾਰੇ ਮਹੱਤਵਪੂਰਨ ਜਾਣਕਾਰੀ



ਡਾ. ਸਵਰਨ ਸਿੰਘ ਮਾਨ,
ਸਾਬਕਾ ਡਿਪਟੀ ਡਾਇਰੈਕਟਰ
ਬਾਗਬਾਨੀ, ਪਟਿਆਲਾ ।
ਮੋ : 75080-18903

ਸਰਦੀਆਂ ਵਿਚ ਪੈਦਾ ਹੋਣ ਵਾਲੀਆਂ ਸਬਜ਼ੀਆਂ ਦੀ ਬਿਜਾਈ ਲਈ ਸਤੰਬਰ ਅਕਤੂਬਰ ਮਹੀਨੇ ਬਹੁਤ ਹੀ ਢੁੱਕਵੇਂ ਹਨ । ਜੇਕਰ ਅਸੀਂ ਆਪਣੀ ਬਗੀਚੀ ਵਿਚ ਆਪ ਸਬਜ਼ੀ ਪੈਦਾ ਕਰਕੇ ਖਾਈਏ ਤਾਂ ਇਹ ਜ਼ਹਿਰ ਰਹਿਤ ਹੋਣਗੀਆਂ ਅਤੇ ਤਾਜ਼ੀਆਂ ਤੱਤਾਂ ਨਾਲ ਭਰਪੂਰ ਹੋਣਗੀਆਂ । ਇਸ ਨਾਲ ਪਰਿਵਾਰ ਉੱਤੇ ਆਰਥਿਕ ਲੋਡ ਵੀ ਨਹੀਂ ਪਵੇਗਾ । ਨੈਸ਼ਨਲ ਇੰਸਟੀਚਿਊਟ ਆਫ ਨਿਊਟਰੀਸ਼ਨ ਹੈਦਰਾਬਾਦ ਅਨੁਸਾਰ, ਸਾਨੂੰ ਰੋਜ਼ਾਨਾ 300 ਗ੍ਰਾਮ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ । ਜਿਸ ਵਿਚ 120 ਗ੍ਰਾਮ ਪੱਤੇ ਵਾਲੀਆਂ ਸਬਜ਼ੀਆਂ, 90 ਗ੍ਰਾਮ ਜੜ੍ਹਾਂ ਵਾਲੀਆਂ ਸਬਜ਼ੀਆਂ ਅਤੇ 90 ਗ੍ਰਾਮ ਹੋਰ ਸਬਜ਼ੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ । ਸਬਜ਼ੀਆਂ ਦੀ ਪੈਦਾਵਾਰ ਕਰਨ ਲਈ ਹੇਠ ਲਿਖੀ ਮੁੱਢਲੀ ਜਾਣਕਾਰੀ ਦਾ ਹੋਣਾ ਬਹੁਤ ਜ਼ਰੂਰੀ ਹੈ :

| ਲ. ਨੰ. | ਸਬਜ਼ੀ ਦਾ ਨਾਂ | ਬਿਜਾਈ ਦਾ ਸਮਾਂ | ਬਿਜਾਈ ਦਾ ਢੰਗ | 1 ਮਰਲੇ ਲਈ ਬੀਜ ਦੀ ਮਾਤਰਾ (25 ਵ. ਮੀ.) | ਲਾਈਨ ਤੋਂ ਲਾਈਨ ਦਾ ਫਾਸਲਾ (ਸੈਂ. ਮੀ.) | ਬੂਟੇ ਤੋਂ ਬੂਟੇ ਦਾ ਫਾਸਲਾ (ਸੈਂ. ਮੀ.) |
|---|---|---|---|---|---|---|
| 1. | ਆਲੂ | ਅਕਤੂਬਰ | ਵੱਟਾਂ ਤੇ | 10 ਕਿਲੋਗ੍ਰਾਮ | 60 | 20 |
| 2. | ਮੂਲੀ | ਸਤੰਬਰ-ਨਵੰਬਰ | ਵੱਟਾਂ ਤੇ | 30 ਗ੍ਰਾਮ | 45 | 7.5 |
| 3. | ਗਾਜਰ | ਸਤੰਬਰ-ਅਕਤੂਬਰ | ਵੱਟਾਂ ਤੇ | 30 ਗ੍ਰਾਮ | 45 | 7.5 |
| 4. | ਸ਼ਲਗਮ | ਸਤੰਬਰ-ਅਕਤੂਬਰ | ਵੱਟਾਂ ਤੇ | 15 ਗ੍ਰਾਮ | 45 | 7.5 |
| 5. | ਪਾਲਕ | ਸਤੰਬਰ-ਅਕਤੂਬਰ | ਬਿਡ ਤੇ | 40 ਗ੍ਰਾਮ | 20 | -- |
| 6. | ਮੇਥੀ | ਸਤੰਬਰ-ਅਕਤੂਬਰ | ਬਿਡ ਤੇ | 60 ਗ੍ਰਾਮ | 20 | -- |
| 7. | ਧਨੀਆ | ਸਤੰਬਰ-ਨਵੰਬਰ | ਬਿਡ ਤੇ | 60 ਗ੍ਰਾਮ | 30 | -- |
| 8. | ਮਟਰ | ਅਕਤੂਬਰ-ਨਵੰਬਰ | ਵੱਟਾਂ ਤੇ | 200 ਗ੍ਰਾਮ | 30 | 7.5 |
| 9. | ਬਰੋਕਲੀ | ਸਤੰਬਰ | ਬਿਡ ਤੇ | 1.5 ਗ੍ਰਾਮ | 45 | 45 |
| 10. | ਚੀਨੀ ਸਰ੍ਹੋਂ | ਸਤੰਬਰ-ਅਕਤੂਬਰ | ਬਿਡ ਤੇ | 8 ਗ੍ਰਾਮ | 30 | 30 |
| 11. | ਲੈਟਸ | ਸਤੰਬਰ-ਨਵੰਬਰ | ਬਿਡ ਤੇ | 3 ਗ੍ਰਾਮ | 45 | 30 |
| 12. | ਫੁੱਲਗੋਭੀ | ਅਗਸਤ-ਸਤੰਬਰ | ਬਿਡ, ਵੱਟਾਂ ਤੇ | 1.5 ਗ੍ਰਾਮ | 45 | 45 |
| 13. | ਬੰਦ ਗੋਭੀ | ਸਤੰਬਰ-ਅਕਤੂਬਰ | ਉਹੀ | 1.5 ਗ੍ਰਾਮ | 60 | 45 |
| 14. | ਪਿਆਜ਼ | ਅਕਤੂਬਰ-ਨਵੰਬਰ | ਬਿਡ ਤੇ | 32 ਗ੍ਰਾਮ | 15 | 7.5 |
| 15. | ਲੱਸਣ | ਸਤੰਬਰ ਅਖੀਰ ਤੋਂ ਅਕਤੂਬਰ | ਬਿਡ ਤੇ | 1.5 ਗ੍ਰਾਮ | 15 | 7.5 |
| 16. | ਬੈਂਗਣ | ਅਕਤੂਬਰ-ਨਵੰਬਰ | ਵੱਟਾਂ ਤੇ | 2 ਗ੍ਰਾਮ | 60 | 30 |
| 17. | ਟਮਾਟਰ | ਅਕਤੂਬਰ-ਨਵੰਬਰ | ਬਿਡ ਤੇ | 6 ਗ੍ਰਾਮ | 150 | 30 |



**ਨੋਟ :**

1. 1 ਮਰਲੇ ਰਕਬੇ ਵਿਚ ਬਿਜਾਈ ਤੋਂ ਪਹਿਲਾਂ 400 ਕਿਲੋਗ੍ਰਾਮ ਗਲੀ-ਸੜੀ ਰੂੜੀ ਦੀ ਖਾਦ ਜਾਂ 100 ਕਿਲੋਗਰਾਮ ਵਰਮੀ ਕੰਪੋਸਟ (ਗੰਡੋਇਆਂ ਦੀ ਖਾਦ) ਪਾ ਕੇ ਮਿਕਸ ਕਰ ਦੇਣੀ ਚਾਹੀਦੀ ਹੈ ।
2. ਉਕਤ ਸਬਜ਼ੀਆਂ ਦੇ ਬੀਜ ਬਾਗਬਾਨੀ ਵਿਭਾਗ ਪੰਜਾਬ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਹਰੇਕ ਜ਼ਿਲ੍ਹੇ ਵਿਚ ਬਣੇ ਕੇ. ਵੀ. ਕੇ. ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ ।
3. ਵਧੀਆ ਕੁਆਲਿਟੀ ਦੀਆਂ ਸਬਜ਼ੀਆਂ ਦੀ ਪਨੀਰੀ ਸੈਂਟਰ ਆਫ ਐਕਸੀਲੈਂਸ (ਸਬਜ਼ੀਆਂ) ਕਰਤਾਰਪੁਰ ਜ਼ਿਲ੍ਹਾ ਜਲੰਧਰ ਤੋਂ ਘਰੇਲੂ ਪੱਖ ਅਤੇ ਵਪਾਰਕ ਪੱਖ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ ।



## ਵੱਖ-ਵੱਖ ਸਬਜ਼ੀਆਂ ਤੋਂ ਹੇਠ ਲਿਖੇ ਅਨੁਸਾਰ ਤੱਤ ਪ੍ਰਾਪਤ ਕੀਤੇ ਜਾ ਸਕਦੇ ਹਨ :

| ਲ. ਨੰ. | ਸਬਜ਼ੀ ਦਾ ਨਾਂ | ਪ੍ਰਾਪਤ ਹੋਣ ਵਾਲੇ ਤੱਤ |
|---|---|---|
| 1. | ਆਲੂ, ਸ਼ਕਰਕੰਦੀ, ਬੀਨਜ | ਕਾਰਬੋਹਾਈਡਰੇਟਸ |
| 2. | ਫਲੀਦਾਰ ਸਬਜ਼ੀਆਂ ਦੇ ਬੀਜ ਅਤੇ ਕੱਦੂ | ਫੈਟ |
| 3. | ਬੀਨਜ, ਸਵੀਟ ਕੋਰਨ, ਮਟਰ | ਪ੍ਰੋਟੀਨ |
| 4. | ਕੜੀ ਪੱਤਾ, ਧਨੀਆ, ਗਾਜਰ ਦੇ ਪੱਤੇ, ਪਾਲਕ, ਮੇਥੀ, ਲੈਟਸ, ਬੰਦ ਗੋਭੀ ਆਦਿ | ਵਿਟਾਮਿਨ ਏ |
| 5. | ਮਿਰਚਾਂ, ਮਟਰ, ਆਲੂ, ਕਰੇਲਾ | ਥਾਇਆਮੀਨ (ਵਿਟਾਮਿਨ ਬੀ1) |
| 6. | ਕੜੀ ਪੱਤਾ, ਮੇਥੀ ਮਟਰ, ਗਾਜਰ ਪੱਤੇ, ਲੈਟਸ, ਵੈਂਗਣ ਆਦਿ | ਰਾਈਬੋਫਲੇਵਿਨ (ਵਿਟਾਮਿਨ ਬੀ2) |
| 7. | ਸ਼ਲਗਮ, ਮਟਰ, ਕੜੀ ਪੱਤਾ, ਗਾਜਰ ਪੱਤੇ, ਆਲੂ ਆਦਿ | ਨਿਆਸੀਨ (ਵਿਟਾਮਿਨ ਬੀ3) |
| 8. | ਪਾਲਕ, ਭਿੰਡੀ, ਕੜੀ ਪੱਤਾ, ਬੰਦ ਗੋਭੀ, ਮਟਰ ਆਦਿ | ਫੋਲਿਕ ਐਸਿਡ (ਵਿਟਾਮਿਨ ਬੀ9) |
| 9. | ਧਨੀਆ, ਮਿਰਚਾਂ, ਬੰਦ ਗੋਭੀ, ਕਰੇਲਾ, ਫੁੱਲ ਗੋਭੀ ਟਮਾਟਰ ਆਦਿ | ਵਿਟਾਮਿਨ ਸੀ |
| 10. | ਗਾਜਰ, ਖੀਰਾ, ਪੁਦੀਨਾ | ਫਾਈਬਰ |

**ਨੋਟ :**

1. ਲਗਾਤਾਰ ਗਾਜਰ, ਮੂਲੀ, ਸ਼ਲਗਮ, ਧਨੀਆ, ਪਾਲਕ, ਮੇਥੀ ਪ੍ਰਾਪਤ ਕਰਨ ਲਈ 15-15 ਦਿਨਾਂ ਦੇ ਫਰਕ ਨਾਲ ਬਿਜਾਈ ਕਰੋ ।
2. ਮਧਰੀਆਂ ਸਬਜ਼ੀਆਂ ਅੱਗੇ ਅਤੇ ਉਚੀਆਂ ਜਾਣ ਵਾਲੀਆਂ ਸਬਜ਼ੀਆਂ ਪਿੱਛੇ ਬੀਜੋ ਤਾਂ ਕਿ ਸਹੀ ਮਾਤਰਾ ਵਿਚ ਧੁੱਪ ਲੱਗ ਸਕੇ ।
3. ਘਰੇਲੂ ਬਗੀਚੀ ਘਰ ਦੇ ਨੇੜੇ ਹੀ ਹੋਣੀ ਚਾਹੀਦੀ ਹੈ । ਘੱਟੋ ਘੱਟ 6 ਘੰਟੇ ਧੁੱਪ ਆਉਣੀ ਚਾਹੀਦੀ ਹੈ ।
4. ਕੁਝ ਸਬਜ਼ੀਆਂ ਦੇ ਬੀਜ ਸਿੱਧੇ ਨਹੀਂ ਬੀਜੇ ਜਾ ਸਕਦੇ, ਜਿਵੇਂ ਟਮਾਟਰ, ਮਿਰਚ, ਫੁੱਲ ਗੋਭੀ, ਬੰਦ ਗੋਭੀ, ਬਰੋਕਲੀ, ਬੈਂਗਣ, ਪਿਆਜ਼ । ਪਹਿਲਾਂ ਇਨ੍ਹਾਂ ਦੀ ਪਨੀਰੀ ਤਿਆਰ ਕੀਤੀ ਜਾਂਦੀ ਹੈ । ਜਦੋਂ ਪਨੀਰੀ ਦੀ ਉੱਪਰ 4-6 ਹਫਤੇ ਜਾਂ 5 ਇੰਚ ਸਾਈਜ਼ ਦੀ ਹੋ ਜਾਂਦੀ ਹੈ ਤਾਂ ਇਸ ਦੀ ਬਦਲਾਈ ਨਿਰਧਾਰਤ ਫਾਸਲੇ ਤੇ ਕੀਤੀ ਜਾਂਦੀ ਹੈ । ਪਨੀਰੀ ਹਮੇਸ਼ਾਂ ਸ਼ਾਮ ਦੇ ਸਮੇਂ ਲਾਉਣੀ ਚਾਹੀਦੀ ਹੈ ਅਤੇ ਤੁਰੰਤ ਪਾਣੀ ਲਗਾਉਣਾ ਚਾਹੀਦੀ ਹੈ । ਜੇਕਰ ਕੋਈ ਬੂਟਾ ਮਰ ਜਾਂਦਾ ਹੈ ਤਾਂ ਹਫਤੇ ਬਾਅਦ ਉਸ ਦੀ ਬਦਲਾਈ ਕਰ ਦਿਓ ।
5. ਸਬਜ਼ੀਆਂ ਨੂੰ ਜ਼ਿਆਦਾ ਪਾਣੀ ਦੀ ਜ਼ਰੂਰਤ ਨਹੀਂ ਹੁੰਦੀ ਕਿਉਂਕਿ ਇਸ ਨਾਲ ਬਿਮਾਰੀਆਂ ਅਤੇ ਕੀੜੇ ਜ਼ਿਆਦਾ ਆਉਂਦੇ ਹਨ । ਪਨੀਰੀ ਮਰ ਵੀ ਜਾਂਦੀ ਹੈ । ਇਸ ਲਈ ਹਲਕੀ ਸਿੰਚਾਈ ਹੀ ਕਰਨੀ ਚਾਹੀਦੀ ਹੈ, ਤਾਂ ਕਿ ਸਿੱਲ ਬਣੀ ਰਹੇ ।

ਬਾਗਬਾਨੀ ਵਿਭਾਗ ਪੰਜਾਬ ਵੱਲੋਂ ਸਾਰਾ ਸਾਲ ਸਬਜ਼ੀਆਂ ਪੈਦਾ ਕਰਨ ਲਈ ਇਕ ਮਾਡਲ ਵੀ ਤਿਆਰ ਕੀਤਾ ਗਿਆ, ਜਿਸ ਦਾ ਸਾਈਜ਼ 12.5 ਮੀ. × 6 ਮੀ. = 75 ਵਰਗਮੀਟਰ ਹੈ । ਇਸ ਜ਼ਮਾਂ ਤੇ ਗਰਮੀਆਂ ਅਤੇ ਸਰਦੀਆਂ ਵਿਚ 22 ਤਰ੍ਹਾਂ ਦੀਆਂ ਸਬਜ਼ੀਆਂ ਤਿਆਰ ਕੀਤੀਆਂ ਜਾ ਸਕਦੀਆਂ ਹਨ । ਇਹ ਘਰ 4 ਪਰਿਵਾਰਕ ਮੈਂਬਰਾਂ ਲਈ ਕਾਫੀ ਹੁੰਦੀ ਹੈ । ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ ਅਤੇ ਪੀ. ਏ. ਯੂ. ਲੁਧਿਆਣਾ ਦੇ ਸਬਜ਼ੀਆਂ ਮਾਹਿਰਾਂ ਨਾਲ ਸੰਪਰਕ ਕਰ ਸਕਦੇ ਹੋ ।

# ਬਲਾਕ ਕਾਹਨੂੰਵਾਨ ਦੇ ਪਿੰਡ ਭਿੱਟੇਵੱਡ ਦੇ ਕਿਸਾਨ ਭੁਪਿੰਦਰ ਸਿੰਘ ਪਿਛਲੇ

# 8 ਸਾਲਾਂ ਤੋਂ ਫਸਲੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾ ਕੇ ਖੇਤੀ ਵਿਭਿੰਨਤਾ 'ਚ

# ਗੰਨੇ ਦੀ ਕਾਸ਼ਤ, ਦਾਲਾਂ, ਤੇਲ ਬੀਜ ਫਸਲਾਂ ਦੇ ਨਾਲ ਦਿੰਦੇ ਬਾਸਮਤੀ ਨੂੰ ਤਰਜ਼ੀਹ



ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਕਾਹਨੂੰਵਾਨ,
ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

ਉਹਨਾਂ ਕਿਹਾ ਕਿ ਮੈਂ ਪੰਜ ਏਕੜ ਰਕਬੇ 'ਚ ਬਾਸਮਤੀ ਦੀ ਕਾਸ਼ਤ ਕਰਦਾ। ਜਿਸ ਵਿਚ ਕਦੇ ਫਜ਼ੂਲ ਖਰਚੀ ਲਈ ਸਪਰੇਅ ਖਾਦ ਨਹੀਂ ਵਰਤੀ। ਮੇਰੇ ਘਰ ਪਸ਼ੂ ਵਧੇਰੇ ਹੋਣ ਕਰਕੇ ਅਸੀਂ ਖੇਤਾਂ ਨੂੰ ਵਧੇਰੇ ਦੇਸੀ ਰੂੜੀ ਖਾਦ ਪਾਉਂਦੇ ਹਾਂ। ਜਿਸ ਨਾਲ ਸਾਡਾ ਘੱਟ ਖਾਦ ਪਾਉਣ ਦੇ ਨਾਲ ਹੋਰ ਖੇਤ ਨੂੰ ਫਜ਼ੂਲ ਖਰਚੀ ਵੀ ਬਚ ਜਾਂਦੀ। ਸਾਡੀ ਫਸਲ ਨੂੰ ਬਿਮਾਰੀ ਕੀਟ ਆਦਿ ਵੀ ਨਾ ਦੇ ਬਰਾਬਰ ਘੱਟ ਪੈਂਦੇ ਹਨ। ਜਿਹੜੇ ਮਾੜੇ ਮੋਟੇ ਹੋਣ ਉਹਨਾਂ ਨੂੰ ਰੋਟੀਨ ਦੀ ਦੇਖ ਰੇਖ ਹੇਠ ਸਪਰੇਅ ਨਹੀਂ ਕਰਦੇ। ਉਹਨਾਂ ਕਿਹਾ ਕਿ ਹਰੇਕ ਜੀਵ ਆਪਣਾ ਦਾਣਾ ਪਾਣੀ ਉਸ ਪ੍ਰਮਾਤਮਾ ਤੋਂ ਲੈ ਕੇ ਆਉਂਦਾ। ਜੇਕਰ ਏਥੇ ਮਾਰਾਂਗੇ ਤਾਂ ਕਿਸੇ ਹੋਰ ਪਾਸੇ ਫਸਲ ਖਰਾਬ ਹੋਣ ਤੇ ਪੈਸੇ ਨੁਕਸਾਨ 'ਚ ਨਿਕਲ ਜਾਣਗੇ। ਅਸੀਂ ਭਾਵੇਂ ਸੱਪ ਵੀ ਹੋਵੇ ਕੁਦਰਤੀ ਜੀਵਾਂ ਨੂੰ ਨਹੀਂ ਮਾਰਦੇ। ਮੈਂ ਮਾਲਕ ਦੇ ਭਾਣੇ ਵਿਚ ਖੁਸ਼ ਹਾਂ ਸਭ ਧਰਤਿ ਉਹਨਾਂ ਜੀਵਾਂ ਦੀ ਹੈ। ਜਿਵੇਂ ਅਸੀਂ ਇਥੇ ਰਹਿ ਹਾਂ, ਉਸੇ ਤਰ੍ਹਾਂ ਉਹ ਵੀ ਰਹਿ ਰਹੇ ਹਨ। ਉਹਨਾਂ ਵੀ ਖਾਣਾ ਹੈ।

**ਸਹਾਇਕ ਧੰਦੇ** : ਕਿਸਾਨ ਭੁਪਿੰਦਰ ਸਿੰਘ ਨੇ ਕਿਹਾ ਕਿ ਮੈਂ ਆਪਣੇ ਘਰ ਵਿਚ ਗੰਨੇ ਦਾ ਵੇਲਣੇ ਹੋਣ ਕਰਕੇ ਮੈਂ ਲੰਮਾ ਸਮਾਂ ਆਪ ਭੱਤੇ ਬਣਾਉਂਦਾ ਤੇ ਆਪ ਹੀ ਉਤਾਰਦਾ ਹਾਂ। ਗੁੜ ਬਣਾਉਣ ਵਾਲਾ ਵੇਲਣਾ ਮੈਂ ਸਹੀ ਸਮੇਂ ਸਿਰ ਹੀ ਸ਼ੁਰੂ ਕਰਦਾ ਹਾਂ ਤੇ ਵਿਸਾਖੀ ਤੇ ਗੰਨਾ ਮੁੱਕਣ ਤੇ ਬੰਦ ਕਰਦੇ ਹਾਂ। ਸਾਡਾ ਗੁੜ ਕਨੇਡਾ ਤੱਕ ਜਾਂਦਾ ਹੈ। ਇਕ ਏਕੜ ਗੰਨੇ ਹੇਠ 85 ਕਿਸਮ ਰੱਖੀ ਉਹਨਾਂ ਤਜ਼ਰਬੇ ਦੀ ਗੱਲ ਕਰਦਿਆਂ ਕਿਹਾ ਕਿ ਮੈਂ 10 ਗ੍ਰਾਮ ਸੋਡੇ ਨਾਲ ਇੱਕ ਪੱਤ ਕੱਢ ਲੈਂਦਾ ਹਾਂ। ਲੋਕ ਸਾਨੂੰ ਗੁੜ ਸ਼ੱਕਰ ਦੇ ਅਗੇਤੇ ਪੈਸੇ ਦੇ ਕੇ ਜਾਂਦੇ। ਉਹਨਾਂ ਕਿਹਾ ਕਿ ਅੱਜ ਗੰਨਾ ਮਿੱਲ ਵਿਚ ਭੇਜਣ ਦੀ ਬਜਾਏ ਪ੍ਰੋਸੈਸਿੰਗ ਕਰਨ ਵਿਚ ਕਿਸਾਨ ਨੂੰ ਫਾਇਦਾ ਹੈ ਕਿਉਂਕਿ ਜੇ ਮੰਨ ਲਓ ਮਿੱਲ ਵਿਚ ਲੱਖ ਬਣਦਾ ਹੈ ਤਾਂ ਗੁੜ ਸ਼ੱਕਰ ਬਣਾ ਕੇ ਵੇਚਣ ਚ ਕੇਵਲ ਮਿਹਨਤ ਕਰਨ ਨਾਲ ਅਸੀਂ ਦੋ ਤੋਂ ਤਿੰਨ ਲੱਖ ਤੱਕ ਵੀ ਪਹੁੰਚ ਸਕਦੇ ਹਾਂ। ਮੈਂ ਕੋਈ



ਬੰਦਾ ਕੰਮ ਲਈ ਨਹੀਂ ਰੱਖਿਆ, ਸਾਰਾ ਕੰਮ ਆਪ ਆਪਣੇ ਹੱਥੀਂ ਕਰਦਾ ਹਾਂ। ਉਹਨਾਂ ਕਿਹਾ ਕਿ ਮੈਨੂੰ ਖੇਤੀ ਕਰਨ ਦਾ ਸ਼ੌਂਕ ਹੈ, ਬਹੁਤ ਸਾਰੇ ਬੰਦੇ ਅੱਜ ਮਜ਼ਬੂਰੀ ਨਾਲ ਖੇਤੀ ਕਰਦੇ ਹਨ। ਮੈਂ ਫਸਲੀ ਚੱਕਰ ਅਪਣਾ ਕੇ ਖੇਤੀ ਕਰਦਾ। ਜਿਸ ਨਾਲ ਨਦੀਨਾਂ ਤੇ ਕੀੜੇ, ਬਿਮਾਰੀਆਂ ਦੀ ਰੋਕਥਾਮ ਬਿਨਾਂ ਕਿਸੇ ਸਪਰੇਅ ਖਾਦ ਦੇ ਹੋ ਜਾਂਦੀ ਹੈ। ਮੈਂ ਖੇਤ ਚੋਂ ਆਪ ਆਪਣੇ ਹੱਥੀਂ ਨਦੀਨ ਤੇ ਕੱਢ ਕਾਣ ਆਪ ਕੱਢਦਾ ਹਾਂ। ਅਸੀਂ ਕਦੇ ਖੇਤਾਂ 'ਚ ਰਾਊਂਡ ਅੱਪ ਦਵਾਈ ਨਹੀਂ ਵਰਤੀ। ਮੈਂ ਛੇ ਏਕੜ ਰਕਬੇ ਵਿਚ ਖੇਤੀ ਕਰਦਾ, ਜਿਸ 'ਚ ਇੱਕ ਏਕੜ ਗੰਨਾ ਤੇ ਬਾਕੀ ਬਾਸਮਤੀ ਦੀ ਕਾਸ਼ਤ ਕਰਦਾ। ਮੇਰੀ ਸ਼ੱਕਰ ਘਰੋਂ ਹੀ 110 ਰੁਪਏ ਕਿਲੋ ਤੇ ਗੁੜ 90 ਰੁਪਏ ਵਿਕ ਜਾਂਦਾ ਹੈ। ਅਸੀਂ ਗੰਨੇ ਨੂੰ ਕੈਮੀਕਲ ਖਾਦਾਂ, ਸਪਰੇਆਂ ਆਦਿ ਨਾ ਪਾਉਣ ਕਰਕੇ ਵੀ ਮੈਨੂੰ ਜ਼ਿਆਦਾ ਅਗੇਤੀਆਂ ਡਿਮਾਡਾਂ ਗੁੜ ਸ਼ੱਕਰ ਖਰੀਦਣ ਲਈ ਆਉਂਦੀਆਂ ਹਨ, ਪਰ ਫੇਰ ਵੀ ਮੇਰੇ ਕੋਲ ਗੁੜ ਸ਼ੱਕਰ ਦੀ ਡਿਮਾਂਡ ਪੂਰੀ ਨਹੀਂ ਹੁੰਦੀਆਂ। ਉਹਨਾਂ ਦੱਸਿਆ ਕਿ ਜਿਹੜਾ ਬੰਦਾ ਇਕ ਵਾਰ ਸਾਡੇ ਗੁੜ ਦਾ ਸਵਾਦ ਦੇਖ ਗਿਆ, ਮੁੜਕੇ ਫਿਰ ਉਹੀਂ ਗੁੜ ਦੁਬਾਰਾ ਲੈਣ ਆਊ ਤੇ ਉਸੇ ਦੀ ਹੀ ਡਿਮਾਂਡ ਕਰੂ। ਗੰਨੇ ਦੀ ਫਸਲ ਨੂੰ ਮੈਂ ਰੋਜ਼ਾਨਾ ਕੀੜ ਬਿਮਾਰੀ ਦਾ ਹਮਲਾ ਚੈੱਕ ਕਰਦਾ ਰਹਿੰਦਾ ਹਾਂ। ਗਾਲਾ ਰੋਗ ਜਾਂ ਕੋਈ ਹੋਰ ਬਿਮਾਰੀ ਗ੍ਰਸਤ ਸ਼ੁਰੂਆਤ ਦੇਖ ਕੇ ਬੂਟਾ ਖੇਤ ਚੋਂ ਨਾਲ ਹੀ ਬਾਹਰ ਕੱਢ ਦਿੰਦਾ ਹਾਂ। ਫਸਲਾਂ ਦੇ ਨਾਲ ਅਸੀਂ ਮੱਝਾਂ ਗਾਵਾਂ ਵੀ ਰੱਖੀਆਂ, ਜਿਸ ਦੀ ਬਾਂਧ ਲੱਗੀ ਹੈ। ਇਸ ਦੇ ਨਾਲ ਕਾਲੇ ਮੁਰਗੇ ਤੇ ਦੇਸੀ ਖਰਗੋਸ਼, ਦੇਸੀ ਬੱਕਰੀਆਂ ਪਾਲਣ ਦਾ ਧੰਦਾ ਕੀਤਾ। ਜਿਸ ਨਾਲ ਮੈਨੂੰ ਡੇਢ ਲੱਖ ਲਗਾਉਣ ਨਾਲ ਕੁੱਝ ਸਮੇਂ ਬਾਅਦ ਸਾਢੇ ਤਿੰਨ ਲੱਖ ਕਮਾਏ। ਹੋਰ ਘਰੇਲੂ ਖਰਚ ਘਟਾਉਣ ਬਾਰੇ ਉਨ੍ਹਾਂ ਕਿਹਾ ਕਿ ਅਗਾਂਹ ਮੇਰੀ ਪਲੈਨਿੰਗ ਹੈ ਕਿ ਗੋਬਰ ਗੈਸ ਪਲਾਂਟ ਵੀ ਲਗਾਈਏ ਕਿਉਂਕਿ ਘਰੇਲੂ ਗੈਸ ਦਾ ਖਰਚ ਵੀ ਵਧੇਰੇ ਹੈ।

**ਸੰਦੇਸ਼** : ਕਿਸਾਨ ਭੁਪਿੰਦਰ ਸਿੰਘ ਸੰਧੂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਸਰਕਾਰ ਪਿੰਡਾਂ ਵਿਚ ਵਧੇਰੇ ਬੂਟੇ ਪੰਚਾਇਤਾਂ ਨੂੰ ਦੇਵੇ ਤਾਂ ਜੋ ਆਲਮੀ ਤਪਸ਼ ਤੇ ਪ੍ਰਦੂਸ਼ਣ ਘਟਾਉਣ ਨਾਲ ਵਾਤਾਵਰਣ ਸਾਫ ਰੱਖਿਆ ਜਾਵੇ। ਉਹਨਾਂ ਕਿਹਾ ਕਿ ਕਿਸਾਨ ਵੀਰ ਵੀ ਮਿੱਟੀ ਨੂੰ ਨਾ ਸਾੜਨ, ਆਪ ਫਸਲ ਤੇ ਖੇਤ ਦਾ ਤਜ਼ਰਬਾ ਕਰਕੇ ਦੇਖਣ ਕਿ ਜਿੱਥੇ ਰਹਿੰਦ ਖੂੰਹਦ ਨੂੰ ਅੱਗ ਨਹੀਂ ਲਗਾਈ ਉੱਥੇ ਕਿੰਨੀ ਫਸਲ ਤੰਦਰੁਸਤ ਹੁੰਦੀ ਹੈ ਤੇ ਉੱਥੇ ਖਾਦ ਦਾ ਖਰਚ ਕਿੰਨਾ ਘੱਟਦਾ ਹੈ ਤੇ ਤੱਤਾਂ ਦੀ ਪੂਰਤੀ ਕੁਦਰਤੀ ਜੀਵ ਕਰਦੇ ਹਨ ਅਤੇ ਸੂਖਮ ਜੀਵ ਵੀ ਵਧੇਰੇ। ਭੁਪਿੰਦਰ ਸਿੰਘ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਪਾਣੀ ਲਗਾਉਣ ਵਾਲੇ ਖੇਤਾਂ 'ਚ ਖਾਲ ਪਿੰਡਾਂ ਚ ਹੋਰ ਪਾਉਣ ਤੇ ਵਧੇਰੇ ਨਹਿਰੀ ਪਾਣੀ ਖੇਤੀ ਵਿੱਚ ਪਹੁੰਚਾਉਣ ਤਾਂ ਜੋ ਜ਼ਮੀਨੀ ਪਾਣੀ ਕੱਢਣ ਦੀ ਰਫਤਾਰ ਮੋਟਰਾਂ ਰਾਹੀਂ ਘਟਾਈ ਜਾ ਸਕੇ। ਕਿਸਾਨ ਭੁਪਿੰਦਰ ਸਿੰਘ ਨੇ ਆਪਣਾ ਨੰਬਰ 89685-15612 ਵੀ ਜਾਰੀ ਕੀਤਾ।

# ਹੰਢਣਸਾਰ ਖੇਤੀ ਲਈ ਸ਼ੁੱਧ ਤੇ ਸੁਰੱਖਿਅਤ ਰਸਾਇਣ ਹੀ ਉਚਿਤ ਮਾਤਰਾ ਵਿਚ ਵਰਤੇ ਜਾਣ

ਵਧ ਰਹੀ ਆਬਾਦੀ ਦੀ ਲੋੜ ਨੂੰ ਪੂਰਾ ਕਰਨ ਲਈ ਅਤੇ ਨਿਰਯਾਤ ਵਧਾਉਣ ਲਈ ਖੇਤੀ ਦਾ ਉਤਪਾਦਨ ਅਤੇ ਉਤਪਾਦਕਤਾ ਵਧਾਉਣੀ ਜ਼ਰੂਰੀ ਹੈ। ਭਾਰਤ ਵਿਸ਼ਵ ਦੇ 2.4 ਪ੍ਰਤੀਸ਼ਤ ਜ਼ਮੀਨ ਦੇ ਸਾਧਨ ਅਤੇ 4 ਪ੍ਰਤੀਸ਼ਤ ਪਾਣੀ ਦੇ ਸੋਮੇ ਦੇ ਹੁੰਦੇ ਹੋਏ ਵਿਸ਼ਵ ਦੀ 17.84 ਪ੍ਰਤੀਸ਼ਤ ਜਨਸੰਖਿਆ ਨੂੰ ਖੁਰਾਕ ਮੁਹੱਈਆ ਕਰਨ ਪੱਖੋਂ ਸਹਾਈ ਹੋ ਰਿਹਾ ਹੈ। ਵਿਸ਼ਵ ਦੇ 16 ਪ੍ਰਤੀਸ਼ਤ ਪਸ਼ੂਆਂ ਨੂੰ ਵੀ ਭਾਰਤ ਦੀ ਜ਼ਮੀਨ ਤੋਂ ਹੀ ਖੁਰਾਕ ਮੁਹੱਈਆ ਹੁੰਦੀ ਹੈ। ਤਕਰੀਬਨ 15 ਤੋਂ 25 ਪ੍ਰਤੀਸ਼ਤ ਉਤਪਾਦਨ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਦੀ ਭੇਟ ਚੜ੍ਹ ਜਾਂਦਾ ਹੈ। ਜਿੱਥੇ ਖੇਤੀ ਉਤਪਾਦਨ ਵਧਾਉਣ ਦੀ ਲੋੜ ਹੈ, ਇਸ ਨੂੰ ਬਿਮਾਰੀਆਂ ਤੇ ਕੀੜੇ-ਮਕੌੜਿਆਂ ਤੋਂ ਹੋਣ ਵਾਲੇ ਨੁਕਸਾਨ ਤੋਂ ਵੀ ਬਚਾਉਣ ਦੀ ਬੇਹੱਦ ਜ਼ਰੂਰਤ ਹੈ ਤਾਂ ਜੋ ਦੇਸ਼ ਵਾਸੀਆਂ ਨੂੰ ਪੌਸ਼ਟਿਕ ਤੇ ਸੁਰੱਖਿਅਤ ਖੁਰਾਕ ਲੋੜ ਅਨੁਸਾਰ ਮੁਹੱਈਆ ਹੋ ਸਕੇ। ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਤੋਂ ਨੁਕਸਾਨ ਘਟਾਉਣ ਲਈ ਕੀਟਨਾਸ਼ਕਾਂ ਤੇ ਪੈਸਟੀਸਾਈਡਜ਼ ਦਾ ਪ੍ਰਯੋਗ ਜ਼ਰੂਰੀ ਹੈ। ਐਗਰੋ-ਕੈਮੀਕਲਜ਼ ਕੀੜੇ-ਮਕੌੜਿਆਂ, ਬਿਮਾਰੀਆਂ ਅਤੇ ਨਦੀਨਾਂ ਆਦਿ ਨੂੰ ਨਾਸ਼ ਕਰਨ ਲਈ ਹੀ ਨਹੀਂ ਵਰਤੇ ਜਾਂਦੇ, ਇਨ੍ਹਾਂ ਦੀ ਯੋਗ ਵਰਤੋਂ ਨਾਲ ਉਤਪਾਦਕਤਾ ਵੀ ਵਧਦੀ ਹੈ। ਪੈਸਟੀਸਾਈਡਜ਼ ਉਦਯੋਗ ਤੇ ਖੋਜ ਵਲੋਂ ਨਵੇਂ-ਨਵੇਂ ਕੀਟਨਾਸ਼ਕ ਤੇ ਨਦੀਨਨਾਸ਼ਕ ਵਿਕਸਿਤ ਕੀਤੇ ਜਾ ਰਹੇ ਹਨ ਜੋ ਸੁਰੱਖਿਅਤ ਵੀ ਹਨ ਅਤੇ ਕੀੜੇ-ਮਕੌੜਿਆਂ ਤੇ ਬਿਮਾਰੀਆਂ ਦਾ ਨਾਸ਼ ਕਰਕੇ ਉਤਪਾਦਕਤਾ ਵਧਾਉਣ 'ਚ ਵੀ ਸਹਾਈ ਹੁੰਦੇ ਹਨ। ਸੈਂਟਰਲ ਇਨਸੈਕਟੀਸਾਈਡਜ਼ ਬੋਰਡ (ਸੀ. ਆਈ. ਬੀ.) ਵਲੋਂ ਡੂੰਘੀ ਤੇ ਲੰਮੇ ਸਮੇਂ ਦੀ ਪਰਖ ਤੋਂ ਬਾਅਦ ਇਨ੍ਹਾਂ ਨੂੰ ਕਿਸਾਨਾਂ ਦੀ ਵਰਤੋਂ ਲਈ ਪ੍ਰਵਾਨਗੀ ਦਿੱਤੀ ਜਾਂਦੀ ਹੈ। ਪੈਸਟੀਸਾਈਡਜ਼ ਨੂੰ ਇਸਤੇਮਾਲ ਕੀਤੇ ਬਿਨਾਂ ਉਤਪਾਦਨ ਦਾ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਤੋਂ ਨੁਕਸਾਨ ਕਈ ਗੁਣਾ ਵੱਧ ਸਕਦਾ ਹੈ ਪਰ ਇਸ ਦੇ ਨਾਲ-ਨਾਲ ਇਹ ਜ਼ਰੂਰੀ ਹੈ ਕਿ ਪੈਸਟੀਸਾਈਡਜ਼ ਤੇ ਕੀਟਨਾਸ਼ਕ ਸੂਝ-ਬੂਝ ਅਤੇ ਵਿਗਿਆਨਕ ਢੰਗ ਨਾਲ ਵਿਗਿਆਨੀਆਂ ਵੱਲੋਂ ਸਿਫਾਰਸ਼ ਕੀਤੀ ਮਾਤਰਾ 'ਚ ਵਰਤੇ ਜਾਣ। ਵਿਗਿਆਨਕ ਢੰਗ ਨਾਲ ਵਰਤਣ ਲਈ ਕੀਟਨਾਸ਼ਕ ਦੀ ਸਹੀ ਚੋਣ ਖੇਤੀ ਮਾਹਿਰਾਂ ਵੱਲੋਂ ਦੱਸੀ ਗਈ ਮਾਤਰਾ ਅਤੇ ਸਹੀ ਢੰਗ ਤੇ ਵਿਧੀ ਨਾਲ ਇਸ ਦੇ ਸਪਰੇਅ ਤੇ ਪ੍ਰਯੋਗ ਕੀਤੇ ਜਾਣ ਦੀ ਲੋੜ ਹੁੰਦੀ ਹੈ।



ਭਗਵਾਨ ਦਾਸ

ਸੈਂਟਰਲ ਇਨਸੈਕਟੀਸਾਈਡਜ਼ ਬੋਰਡ ਬੜੇ ਨਿਪੁੰਨ ਢੰਗਾਂ, ਤਰੀਕਿਆਂ ਨਾਲ ਲੰਮੇ ਸਮੇਂ ਤੱਕ ਜਾਂਚ ਕਰਨ ਤੋਂ ਬਾਅਦ ਪੈਸਟੀਸਾਈਡਜ਼ ਨੂੰ ਮਾਨਤਾ ਦਿੰਦਾ ਹੈ ਅਤੇ ਉਨ੍ਹਾਂ ਦੇ ਇਸਤੇਮਾਲ ਦੀ ਪ੍ਰਵਾਨਗੀ ਲਈ ਸਿਫਾਰਸ਼ ਕਰਦਾ ਹੈ। ਪ੍ਰੰਤੂ ਮੰਡੀ 'ਚ ਗੈਰ-ਮਿਆਰੀ, ਘਟੀਆ ਤੇ ਨਕਲੀ ਪੈਸਟੀਸਾਈਡਜ਼ ਫਿਰ ਵੀ ਛੋਟੀਆਂ-ਛੋਟੀਆਂ ਇਕਾਈਆਂ ਅਤੇ ਡੀਲਰਾਂ ਵਲੋਂ ਅਨੈਤਿਕ ਢੰਗ ਨਾਲ ਵੇਚੇ ਜਾਂਦੇ ਹਨ। ਇਸ ਸੰਬੰਧੀ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੂੰ ਇਨਸੈਕਟੀਸਾਈਡਜ਼ ਐਕਟ ਅਧੀਨ ਕਾਰਵਾਈ ਕਰ ਕੇ ਨਕਲੀ ਰਸਾਇਣਾਂ 'ਤੇ ਕਾਬੂ ਪਾਉਣ ਦੀ ਲੋੜ ਹੈ। ਕਿਸਾਨਾਂ ਨੂੰ ਵੀ ਇਸ ਸਬੰਧੀ ਪੂਰੀ ਜਾਂਚ ਤੇ ਨਿਗਰਾਨੀ ਰੱਖਣਾ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਜਾਣਕਾਰੀ ਵੀ ਪੂਰੀ ਹੋਣੀ ਚਾਹੀਦੀ ਹੈ। ਪੈਸਟੀਸਾਈਡਜ਼ ਉਦਯੋਗ ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਲੋਂ ਹਰ ਕੀਟਨਾਸ਼ਕ ਜੋ ਇਸਤੇਮਾਲ ਹੁੰਦਾ ਹੈ, ਉਸ ਦੀ ਪੂਰੀ ਜਾਣਕਾਰੀ ਕਿਸਾਨਾਂ ਤੱਕ ਪਹੁੰਚਾਉਣੀ ਚਾਹੀਦੀ ਹੈ। ਇਸ ਲਈ ਖੇਤੀ ਪ੍ਰਸਾਰ ਸੇਵਾ ਨੂੰ ਮਜ਼ਬੂਤ ਕੀਤਾ ਜਾਏ। ਬਹੁਤੀ ਵਾਰ ਭਾਰਤ ਵਿਚ ਕੀਟਨਾਸ਼ਕਾਂ ਤੇ ਨਦੀਨਨਾਸ਼ਕਾਂ ਦੀ ਵਰਤੋਂ ਸੂਝ-ਬੂਝ ਤੇ ਵਿਗਿਆਨਕ ਢੰਗ ਨਾਲ ਨਹੀਂ ਕੀਤੀ ਜਾਂਦੀ। ਜਿਸ ਲਈ ਕਿਸਾਨਾਂ ਨੂੰ ਸਹੀ ਅਗਵਾਈ ਨਹੀਂ ਮਿਲਦੀ। ਉਹ ਪੈਸਟੀਸਾਈਡਜ਼ ਡੀਲਰਾਂ ਤੋਂ ਦਿੱਤੀ ਜਾਣਕਾਰੀ ਤੇ ਸਿਫਾਰਸ਼ 'ਤੇ ਹੀ ਸਾਰਾ ਆਧਾਰ ਰੱਖਦੇ ਹਨ। ਪ੍ਰੰਤੂ ਜੋ ਹਾਲ 'ਚ ਹੀ ਚੰਡੀਗੜ੍ਹ ਵਿਖੇ ਕਿਸਾਨ ਆਗੂਆਂ ਦੀ ਹੋਏ ਕੌਮੀ ਸੰਮੇਲਨ 'ਚ 18 ਰਾਜਾਂ ਦੇ 90 ਕਿਸਾਨ ਆਗੂਆਂ ਵਲੋਂ ਫਸਲਾਂ 'ਚ ਜੀ. ਐੱਮ. ਤਕਨਾਲੋਜੀ ਦੀ ਵਰਤੋਂ ਦੀ ਵਿਰੋਧਤਾ ਕੀਤੀ ਗਈ ਹੈ, ਉਸ ਦੇ ਮੱਦੇਨਜ਼ਰ ਜੀ. ਐੱਮ. ਤਕਨਾਲੋਜੀ ਦੀ ਵਰਤੋਂ ਵੀ ਫਸਲਾਂ 'ਚ ਬੜੀ ਸੀਮਤ ਕਪਾਹ, ਨਰਮੇ ਤੱਕ ਹੀ ਕੀਤੀ ਜਾਏਗੀ ਜਿਸ ਨਾਲ ਪੈਸਟੀਸਾਈਡਜ਼ ਦਾ ਇਸਤੇਮਾਲ ਹੋਰ ਵੀ ਜ਼ਰੂਰੀ ਹੋਵੇਗਾ। ਕਿਉਂਕਿ ਗੈਰ-ਜੀ.ਐੱਮ. ਫਸਲਾਂ 'ਤੇ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਦੇ ਹਮਲਿਆਂ ਦੀ ਬਹੁਤਾਤ ਮੁਕਾਬਲਤਨ ਜ਼ਿਆਦਾ ਹੁੰਦੀ ਹੈ। ਕਿਸਾਨਾਂ ਨੂੰ ਉਹ ਹੀ ਪੈਸਟੀਸਾਈਡਜ਼ ਵਰਤਣੇ ਚਾਹੀਦੇ ਹਨ ਜੋ ਯੂ. ਪੀ. ਐੱਲ. ਵਰਗੀਆਂ ਨਾਮਵਰ ਐਗਰੋ-ਕੈਮੀਕਲਜ਼ ਕੰਪਨੀਆਂ ਵਲੋਂ ਤਿਆਰ ਕੀਤੇ ਜਾਂਦੇ ਹਨ ਅਤੇ ਜਿਨ੍ਹਾਂ ਦੀ ਸਿਫਾਰਸ਼ ਖੇਤੀਬਾੜੀ ਯੂਨੀਵਰਸਿਟੀਆਂ, ਖੋਜ ਸੰਸਥਾਨਾਂ ਅਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਦੇ ਮਾਹਿਰਾਂ ਵੱਲੋਂ ਕੀਤੀ ਜਾਂਦੀ ਹੈ। ਗੈਰ-ਮਿਆਰੀ ਤੇ ਨਕਲੀ ਕੀਟਨਾਸ਼ਕ ਤੇ ਪੈਸਟੀਸਾਈਡਜ਼ ਦਾ ਪ੍ਰਯੋਗ ਤੇ ਵਿਕਰੀ ਬੰਦ ਕਰਨ ਲਈ ਕਿਸਾਨਾਂ ਨੂੰ ਅਤੇ ਕੀਟਨਾਸ਼ਕ ਵੇਚਣ ਵਾਲਿਆਂ ਨੂੰ ਜਾਗਰੂਕ ਕਰਨ ਦੀ ਲੋੜ ਹੈ।

ਭਾਰਤ ਤੋਂ ਚਾਵਲ ਤੇ ਬਾਸਮਤੀ ਵੱਡੇ ਪੈਮਾਨੇ 'ਤੇ ਨਿਰਯਾਤ ਕੀਤੇ ਜਾਂਦੇ ਹਨ। ਬਾਸਮਤੀ ਦੀ ਨਿਰਯਾਤ ਪਿਛਲੇ ਸਾਲ 52 ਲੱਖ ਟਨ ਤੱਕ ਪਹੁੰਚ ਗਈ, ਜਿਸ ਨਾਲ 48 ਹਜ਼ਾਰ ਕਰੋੜ ਰੁਪਏ ਤੋਂ ਵੱਧ ਵਿਦੇਸ਼ੀ ਮੁਦਰਾ ਭਾਰਤ ਆਈ ਹੈ। ਪੰਜਾਬ ਬਾਸਮਤੀ ਦੇ ਜੀ. ਆਈ. ਜ਼ੋਨ 'ਚ ਹੈ ਅਤੇ ਇਸ ਦਾ ਬਰਾਮਦ 'ਚ 40 ਪ੍ਰਤੀਸ਼ਤ ਤੱਕ ਯੋਗਦਾਨ ਹੈ। ਇਸ ਸਾਲ 7 ਲੱਖ ਹੈਕਐਅਰ ਦੇ ਕਰੀਬ ਰਕਬੇ 'ਤੇ ਬਾਸਮਤੀ ਦੀ ਕਾਸ਼ਤ ਕੀਤੀ ਗਈ ਹੈ, ਜੋ ਝੋਨੇ ਦੀ ਕਾਸ਼ਤ ਥੱਲੇ ਕੁੱਲ ਰਕਬੇ ਦਾ 24 ਪ੍ਰਤੀਸ਼ਤ ਦੇ ਕਰੀਬ ਹੈ। ਭਵਿੱਖ 'ਚ ਖੇਤੀ ਵਿਭਿੰਨਤਾ ਲਿਆਉਣ 'ਚ ਬਾਸਮਤੀ ਦਾ ਵਿਸ਼ੇਸ਼ ਰੋਲ ਹੋਵੇਗਾ ਅਤੇ ਇਸ ਦੀ ਕਾਸ਼ਤ 10 ਲੱਖ ਹੈਕਟੇਅਰ ਤੱਕ ਰਕਬੇ 'ਤੇ ਕੀਤੇ ਜਾਣ ਦਾ ਅਨੁਮਾਨ ਹੈ। ਕਿਸਾਨਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਬਾਸਮਤੀ ਦੀ ਫਸਲ 'ਚ ਉਹ 'ਟਰਾਈਸਾਇਕਲਾਜ਼ੋਨ' ਜਿਹੇ ਤੇਜ਼ ਰਸਾਇਣ ਜਿਨ੍ਹਾਂ ਨੂੰ ਬਾਸਮਤੀ ਦਰਾਮਦ ਕਰਨ ਵਾਲੇ ਮੁਲਕ ਨਹੀਂ ਚਾਹੁੰਦੇ, ਨਾ ਵਰਤਣ ਤਾਂ ਜੋ ਕਿਸੇ ਕੀਟਨਾਸ਼ਕ ਦੇ ਅੰਸ਼ ਚੌਲਾਂ 'ਚ ਨਾ ਰਹਿਣ। ਕਿਸਾਨਾਂ ਨੂੰ ਪਾਬੰਦੀਸ਼ੁਦਾ ਕੀਟਨਾਸ਼ਕ ਉੱਕਾ ਹੀ ਨਹੀਂ ਵਰਤਣੇ ਚਾਹੀਦੇ।

ਪੈਸਟੀਸਾਈਡਜ਼ ਦੀ ਸੁਰੱਖਿਅਤ ਵਰਤੋਂ ਕਰਨ ਲਈ ਕਿਸਾਨਾਂ ਨੂੰ ਇਹ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਕਿਸਾਨਾਂ ਨੂੰ ਪੈਸਟੀਸਾਈਡਜ਼ ਅਸਲੀ ਪੈਕਿੰਗ 'ਚ ਬਿੱਲ ਨਾਲ ਖਰੀਦਣੇ ਚਾਹੀਦੇ ਹਨ। ਉਨ੍ਹਾਂ ਨੂੰ ਬੱਚਿਆਂ ਦੀ ਪਹੁੰਚ ਤੋਂ ਪਰੇ ਰੱਖਣਾ ਚਾਹੀਦਾ ਹੈ। ਵਰਤੋਂ ਤੋਂ ਪਹਿਲਾਂ ਉਸ 'ਤੇ ਲਿਖੀਆਂ ਹਦਾਇਤਾਂ ਤੇ ਸਾਵਧਾਨੀਆਂ ਧਿਆਨ 'ਚ ਰੱਖਣੀਆਂ ਚਾਹੀਦੀਆਂ ਹਨ। ਮਾਹਿਰਾਂ ਵਲੋਂ ਸਿਫਾਰਸ਼ ਕੀਤੀ ਗਈ ਮਾਤਰਾ 'ਚ ਕੀਟਨਾਸ਼ਕ ਵਰਤਣੇ ਚਾਹੀਦੇ ਹਨ। ਛਿੜਕਾਅ ਕਰਨ ਲੱਗਿਆਂ ਹਵਾ ਦਾ ਰੁਖ ਦੇ ਰੁਖ ਦੇ ਨਾਲ ਹੀ ਛਿੜਕਾਅ ਕਰਨਾ ਚਾਹੀਦਾ ਹੈ। ਛਿੜਕਾਅ ਕਰਨ ਤੋਂ ਬਾਅਦ ਹੱਥਾਂ ਅਤੇ ਕੱਪੜਿਆਂ ਨੂੰ ਚੰਗੀ ਤਰ੍ਹਾਂ ਧੋ ਲੈਣਾ ਚਾਹੀਦਾ ਹੈ। ਖਾਲੀ ਡੱਬੇ ਅਤੇ ਪੈਕਿੰਗ ਨਾਸ਼ ਕਰ ਦੇਣੇ ਚਾਹੀਦੇ ਹਨ। ਸਪਰੇਅ ਕਰਨ ਲੱਗਿਆਂ ਕੋਈ ਚੀਜ਼ ਖਾਣੀ ਜਾਂ ਪੀਣੀ ਨਹੀਂ ਚਾਹੀਦੀ ਅਤੇ ਸਿਗਰੇਟ ਅਤੇ ਬੀੜੀ ਆਦਿ ਤੋਂ ਪੂਰਾ ਪ੍ਰਹੇਜ਼ ਕਰਨਾ ਚਾਹੀਦਾ ਹੈ। ਸਪਰੇਅ ਵਾਲਾ ਪੰਪ ਜਾਂ ਸਪਰੇਅਰ ਲੀਕ ਨਹੀਂ ਹੋਣਾ ਚਾਹੀਦਾ। ਕੋਈ ਖਾਣ ਵਾਲੀ ਚੀਜ਼ ਸਪਰੇਅ ਕੀਤੇ ਜਾ ਰਹੇ ਖੇਤਰ ਦੇ ਨੇੜੇ ਨਹੀਂ ਰੱਖਣੀ ਚਾਹੀਦੀ। ਨੋਜ਼ਲ ਨੂੰ ਸਾਫ ਕਰਨ ਲਈ ਮੂੰਹ ਨਾਲ ਫੂਕ ਨਹੀਂ ਮਾਰਨੀ ਚਾਹੀਦੀ।

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

### ਝੋਨਾ

ਖੇਤ ਵਿਚ ਲਗਾਤਾਰ ਪਾਣੀ ਖੜ੍ਹਾ ਨਾ ਰੱਖੋ । ਝੋਨੇ ਦੀ ਫਸਲ ਨੂੰ ਪਾਣੀ ਜੀਰਨ ਤੋਂ ਦੋ ਦਿਨ ਬਾਅਦ ਪਾਣੀ ਦੇਣਾ ਚਾਹੀਦਾ ਹੈ ਪਰ ਖੇਤ ਵਿਚ ਤਰੇੜਾਂ ਨਾ



ਪੈਣ ਦਿਓ । ਜੇਕਰ ਨਾਈਟਰੋਜਨ ਦੀ ਅਖੀਰਲੀ ਕਿਸ਼ਤ ਨਹੀਂ ਪਾਈ ਤਾਂ 30 ਕਿਲੋ ਯੂਰੀਆ ਪਾ ਦਿਓ । ਘੱਟ ਸਮਾਂ ਲੈਣ ਵਾਲੀ ਕਿਸਮਾਂ ਪੀ. ਆਰ. 126 ਨੂੰ ਯੂਰੀਆ ਖਾਦ ਦੀ ਤੀਜੀ ਕਿਸ਼ਤ ਪਨੀਰੀ ਲਾਉਣ ਤੋਂ 5 ਹਫਤੇ ਬਾਅਦ ਪਾਓ । ਜਿੰਨ੍ਹਾਂ ਖੇਤਾਂ ਵਿਚ ਤਣੇ ਗੜੂੰਇਆਂ ਕਰਕੇ 5 ਪ੍ਰਤੀਸ਼ਤ ਤੋਂ ਵਧੇਰੇ ਸੁੱਕੀਆਂ ਗੋਭਾਂ ਹੋਣ ਉੱਥੇ 60 ਮਿਲੀਲਿਟਰ ਕੋਰਾਜ਼ਨ 18.5 ਐਸ ਸੀ 20 ਮਿਲੀਲਿਟਰ ਫੇਮ 480 ਐਸ ਸੀ ਜਾਂ 170 ਗ੍ਰਾਮ ਮੋਰਟਰ 75 ਐਸ ਜੀ ਜਾਂ 80 ਮਿਲੀਲਿਟਰ ਨਿੰਮ ਅਧਾਰਿਤ ਇਕੋਟਿਨ ਜਾਂ 1.0 ਲਿਟਰ, ਕਲੋਰਪਾਈਰੀਫਾਸ ਪ੍ਰਤੀ ਏਕੜ ਦਾ ਛਿੜਕਾਅ 100 ਲਿਟਰ ਪਾਣੀ ਵਿਚ ਘੋਲ ਕੇ ਕਰੋ । ਬੂਟਿਆਂ ਦੇ ਟਿੱਡਿਆਂ ਦੇ ਸਰਵੇਖਣ ਲਈ, ਕੁਝ ਬੂਟੇ ਟੇਢੇ ਕਰਕੇ ਹੇਠਾਂ ਤੋਂ 2-3 ਵਾਰੀ ਝਾੜੋ । ਜੇਕਰ ਪ੍ਰਤੀ ਬੂਟਾ 5 ਜਾਂ ਵੱਧ ਟਿੱਡੇ ਪਾਣੀ ਉੱਤੇ ਤਰਦੇ ਨਜ਼ਰ ਆਉਣ ਤਾਂ 94 ਮਿਲੀਲਿਟਰ ਪੈਕਸਾਲੋਨ 10 ਐਸ ਸੀ ਜਾਂ 80 ਗ੍ਰਾਮ ਓਸ਼ੀਨ/ਟੋਕਨ 20 ਐਸ ਜੀ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ ।

### ਬਾਸਮਤੀ

ਬਾਸਮਤੀ ਦੀ ਕਿਸਮ ਸੀ ਐਸ ਆਰ 30 ਨੂੰ 18 ਕਿਲੋ ਯੂਰੀਆ ਪ੍ਰਤੀ ਏਕੜ ਪਾਓ ਅਤੇ ਪੰਜਾਬ ਬਾਸਮਤੀ 7 ਤੇ 5, ਪੂਸਾ ਬਾਸਮਤੀ 1121, 1718 ਨੂੰ 36 ਕਿਲੋ ਯੂਰੀਆ ਪ੍ਰਤੀ ਏਕੜ ਪਾਓ । ਪੂਸਾ ਬਾਸਮਤੀ 1847 ਤੇ 1509 ਨੂੰ 54 ਕਿਲੋ ਯੂਰੀਆ ਪਾਉਣੀ ਚਾਹੀਦੀ ਹੈ । ਯੂਰੀਆ ਖਾਦ ਨੂੰ 2 ਬਰਾਬਰ ਕਿਸ਼ਤਾਂ ਵਿਚ ਪਨੀਰੀ ਲਾਉਣ ਤੋਂ 3 ਹਫਤੇ ਅਤੇ 6 ਹਫਤੇ ਪਿਛੋਂ ਪਾਉ ।

### ਨਰਮਾ

ਆਉਣ ਵਾਲੇ ਦਿਨਾਂ ਵਿਚ ਬਾਰਿਸ਼ ਦੀ ਸੰਭਾਵਨਾ ਹੈ ਅਤੇ ਨਰਮੇ-ਕਪਾਹ ਦੀ ਫਸਲ ਖੜ੍ਹੇ ਪਾਣੀ ਨੂੰ ਨਹੀਂ ਝੱਲਦੀ । ਇਸ ਲਈ ਬਰਸਾਤ ਦੇ ਮੌਸਮ ਵਿਚ ਨਰਮੇ/ਕਪਾਹ ਦੇ ਖੇਤਾਂ 'ਚੋਂ ਫਾਲਤੂ ਪਾਣੀ ਬਾਹਰ ਕੱਢ ਦਿਓ । ਕਪਾਹ ਵਿਰਲੀ ਕਰਨ ਵੇਲੇ ਨਾਈਟ੍ਰੋਜਨ ਦੀ ਅੱਧੀ ਖੁਰਾਕ ਪਾਉ ਅਤੇ ਬਾਕੀ ਅੱਧੀ ਨਾਈਟ੍ਰੋਜਨ ਫੁੱਲ ਨਿਕਲਣ ਸਮੇਂ ਪਾਓ । ਨਰਮੇ ਦੀ ਫਸਲ ਵਿਚ ਨਦੀਨਾਂ ਦੀ ਰੋਕਥਾਮ ਲਈ 2-3 ਗੋਡੀਆਂ ਕਰੋ, ਪਹਿਲੀ ਗੋਡੀ ਪਹਿਲੇ ਪਾਣੀ ਤੋਂ ਪਹਿਲਾਂ, ਪਹੀਏ ਵਾਲੀ ਤ੍ਰਿਫਾਲੀ ਟਰੈਕਟਰ ਨਾਲ ਚੱਲਣ ਵਾਲੇ ਟਿੱਲਰ/ਰੋਟਰੀ ਵੀਡਰ ਨਾਲ ਕਰੋ । ਫਸਲ ਨੂੰ ਫੁੱਲ ਜਾਂ ਟੀਂਡੇ ਪੈਣ ਤੋਂ ਬਾਅਦ ਇਹਨਾਂ ਦੀ ਵਰਤੋਂ ਨਾ ਕਰੋ । ਫਸਲ ਦੇ ਵਿਚਕਾਰ ਪਈ ਥਾਂ ਤੋਂ ਨਦੀਨ ਮਾਰਨ ਲਈ ਗਰਾਮੋਕਸੋਨ 24 ਐੱਸ. ਐੱਲ (ਪੈਰਾਕੁਏਟ) ਦਾ 500 ਮਿਲੀਲਿਟਰ ਜਾਂ 900 ਮਿਲੀਲਿਟਰ ਸਵੀਪਪਾਵਰ 13.5 ਐਸ ਐਲ (ਗਲੂਫੋਸੀਨੇਟ ਅਮੋਨੀਅਮ) ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਨਦੀਨਾਂ ਉੱਪਰ ਸਿੱਧਾ ਛਿੜਕੋ । ਜਦੋਂ ਫਸਲ 6-8 ਹਫਤਿਆਂ ਦੀ ਹੋ ਜਾਵੇ ਅਤੇ 40-45 ਸੈਂਟੀਮੀਟਰ ਉੱਚੀ ਹੋ ਜਾਵੇ । ਨਦੀਨ ਨਾਸ਼ਕ ਜ਼ਹਿਰਾਂ ਉਦੋਂ ਵਰਤੋਂ ਜਦੋਂ ਹਵਾ



ਨਾ ਵਗਦੀ ਹੋਵੇ । ਇਹ ਵੀ ਖਿਆਲ ਰੱਖੋ ਕਿ ਨਦੀਨ ਨਾਸ਼ਕ ਫਸਲ ਦੇ ਪੱਤਿਆਂ ਤੇ ਨਾ ਪਵੇ । ਨਰਮੇ ਨੂੰ ਫੁੱਲ ਆਉਣ ਸਮੇਂ 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟ੍ਰੇਟ (13 : 0 : 45) ਘੋਲ ਦੇ 4 ਛਿੜਕਾਅ ਹਫਤੇ-ਹਫਤੇ ਦੇ ਵਕਫੇ ਨਾਲ ਕਰੋ । ਚਿੱਟੀ ਮੱਖੀ ਦੇ ਬੱਚਿਆਂ ਦੀ ਰੋਕਥਾਮ ਲਈ 500 ਮਿਲੀਲਿਟਰ ਲੈਨੋ 10 ਈ ਸੀ (ਪਾਈਰੀਪਰੋਕਸੀਫਿਨ) ਜਾਂ 200 ਮਿਲੀਲਿਟਰ ਓਬਰੇਨ/ਵੋਲਟੇਜ਼ 22.9 ਐਸ ਸੀ (ਸਪੈਰੋਮੈਸੀਫਿਨ) ਦਾ ਛਿੜਕਾਅ ਕਰੋ । ਬਾਲਗਾਂ ਦੀ ਰੋਕਥਾਮ ਲਈ 200 ਗ੍ਰਾਮ ਕਲਾਸਟੋ 20 ਡਬਲਯੂ ਜੀ (ਪਾਇਰੀਫਲੂਕੀਨਾਜ਼ੋਨ) ਜਾਂ 400 ਮਿਲੀਲਿਟਰ ਸਫੀਨਾ 50 ਡੀ ਸੀ (ਅਫਿਡੋਪਾਇਰੋਪਿਨ) ਜਾਂ 60 ਗ੍ਰਾਮ ਓਸ਼ੀਨ 20 ਐਸ ਜੀ (ਡਾਇਨੋਟੈਫੂਰਾਨ) ਜਾਂ 200 ਗ੍ਰਾਮ ਪੋਲੋ/ਰੂਬੀ/ਕਰੇਜ਼/ਲੂਡੋ/ਸ਼ੋਕੂ 50 ਡਬਲਯੂ ਪੀ (ਡਾਇਆਫੈਨਥੀਯੂਰੋਨ) ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਨੂੰ 125 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ । ਗੁਲਾਬੀ ਸੁੰਡੀ ਦੀ ਰੋਕਥਾਮ ਲਈ 300 ਮਿਲੀਲਿਟਰ ਡੈਨੀਟੋਲ 10 ਈ ਸੀ ਜਾਂ 100 ਗ੍ਰਾਮ ਪਰੋਕਲੇਮ 5 ਐਸ ਜੀ ਨੂੰ 100 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ । ਨਰਮੇ ਦੇ ਖੇਤਾਂ ਵਿਚੋਂ ਪੱਤਾ ਮਰੋੜ ਵਿਸ਼ਾਣੂੰ ਨਾਲ ਪ੍ਰਭਾਵਿਤ ਬੂਟਿਆਂ ਨੂੰ ਸਮੇਂ-ਸਮੇਂ ਤੇ ਪੁੱਟ ਕੇ ਦਬਾਅ ਦਿਓ । ਗੁਲਾਬੀ ਸੁੰਡੀ ਦੀ ਗੈਰ ਰਸਾਇਣਕ ਰੋਕਥਾਮ ਲਈ ਫੀਰਾਮੋਨ (ਗੋਸੀਪਲਿਉਰ 4%; 7, 11 ਹੈਕਸਾਡੇਕਾਡਾਈਨਾਇਲ) ਅਧਾਰਿਤ ਸਪਲੈਟ ਉਤਪਾਦ ਕਰੈਮਿਟ ਪੀ ਬੀ ਡਬਲਯੂ ਨੂੰ 125 ਗ੍ਰਾਮ ਪ੍ਰਤੀ ਕਿਲਾ ਪ੍ਰਤੀ ਡੋਜ਼ ਨਰਮੇ ਦੀ ਫਸਲ ਤੇ ਪਹਿਲੀ ਵਾਰ ਫੁੱਲ-ਡੋਡੀ ਦੀ ਆਮਦ ਤੇ (ਬਿਜਾਈ ਤੋਂ 45-55 ਦਿਨ ਦੇ ਵਕਫੇ ਤੇ) ਇਕ ਕਿਲੇ ਵਿਚ 400 ਬੂਟਿਆਂ ਤੇ ਇਕਸਾਰ ਲਗਾਇਆ ਜਾਵੇ । ਰਸਾਇਣਕ ਰੋਕਥਾਮ ਲਈ 300 ਮਿਲੀਲਿਟਰ ਡੈਨੀਟੋਲ / ਮੀਓਥ੍ਰਨ 10 ਈ ਸੀ ਜਾਂ 100 ਗ੍ਰਾਮ ਪਰੋਕਲੇਮ 5 ਐਸ ਜੀ ਨੂੰ 100 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ । ਹਰੇ ਤੇਲੇ ਦੀ ਰੋਕਥਾਮ ਲਈ 300 ਮਿਲੀਲਿਟਰ ਕੀਫਨ 15 ਈ ਸੀ ਜਾਂ 80 ਗ੍ਰਾਮ ਉਲਾਲਾ ਜੀ ਜਾਂ 60 ਗ੍ਰਾਮ ਓਸ਼ੀਨ 20 ਐਸ ਸੀ ਨੂੰ 100 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ । ਖੇਤਾਂ ਵਿਚ ਲੀਫ ਕਰਲ ਵਾਲੇ ਬੂਟੇ ਪੁੱਟ ਕੇ ਦਬਾਉਂਦੇ ਰਹੋ । ਚਿੱਟੀ ਮੱਖੀ ਦੇ ਇਕਨਾਮਿਕ ਥਰੈਸ਼ਹੋਲਡ ਲੈਵਲ (6 ਬਾਲਗ ਪ੍ਰਤੀ ਪੱਤਾ ਸਵੇਰੇ 10 ਵਜੇ ਤੋਂ ਪਹਿਲਾਂ) ਤੇ ਪਹੁੰਚਣ ਤੇ 400 ਮਿਲੀਲਿਟਰ ਸਫੀਨਾ ਜਾਂ 60 ਗ੍ਰਾਮ ਓਸ਼ੀਨ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ ।

### ਕਮਾਦ

ਕਮਾਦ ਵਿਚ ਤਣੇਂ ਦੇ ਗੜੂੰਏ ਦੀ ਰੋਕਥਾਮ ਲਈ ਟਰਾਈਕੋਗਰਾਮਾ ਕੀਲੋਨਸ 20,000 ਪ੍ਰਤੀ ਏਕੜ ਦੇ ਹਿਸਾਬ ਨਾਲ 10 ਦਿਨਾਂ ਦੇ ਵਕਫੇ ਤੇ ਖੇਤ ਵਿਚ ਛੱਡੋ । ਖੇਤ ਵਿਚ ਮਿੱਤਰ ਕੀੜੇ ਛੱਡਣ ਲਈ ਇਕ ਟਰਾਈਕੋ-ਕਾਰਡ (10×15 ਸੈ.



ਮੀ.) ਨੂੰ 5×0.75 ਸੈ. ਮੀ. ਦੇ ਆਕਾਰ ਦੇ 40 ਛੋਟੇ ਬਰਾਬਰ ਹਿੱਸਿਆਂ ਵਿਚ ਕੱਟੋ । ਇਨ੍ਹਾਂ ਹਿੱਸਿਆਂ ਨੂੰ ਕਮਾਦ ਦੇ ਪੱਤਿਆਂ ਦੇ ਹੇਠਲੇ ਪਾਸੇ ਇਕ ਏਕੜ ਵਿਚ ਬਰਾਬਰ ਦੂਰੀ ਤੇ 40 ਥਾਵਾਂ ਤੇ ਸ਼ਾਮ ਵੇਲੇ ਪਿੰਨਾਂ ਨਾਲ ਨੱਥੀ ਕਰੋ । ਕਮਾਦ ਦੀ ਫਸਲ ਡਿੱਗਣ ਤੋਂ ਰੋਕਣ ਲਈ ਅਗਸਤ ਦੇ ਅਖੀਰ ਤੱਕ ਫਸਲ ਦੇ ਮੂੰਏ ਬੰਨ੍ਹ ਦਿਉ । ਰੇਤਲੀ ਅਤੇ ਕੱਲਰ ਵਾਲਿਆਂ ਜ਼ਮੀਨਾਂ ਤੇ ਕਮਾਦ ਤੇ ਲੋਹੇ ਦੀ ਘਾਟ ਆਮ ਤੌਰ ਤੇ ਆ ਜਾਂਦੀ ਹੈ ਜਿਸ ਦੀਆਂ ਨਿਸ਼ਾਨੀਆਂ ਨਵੇਂ ਪੱਤਿਆਂ ਤੇ ਵਿਖਾਈ ਦਿੰਦੀਆਂ ਹਨ । ਨਵੇਂ ਪੱਤੇ ਆਮ ਤੌਰ ਤੇ ਪੀਲੇ ਜਾਂ ਚਿੱਟੇ ਰੰਗ ਦੇ ਨਜ਼ਰ ਆਉਂਦੇ ਹਨ, ਇਸ ਤੱਤ ਦੀ ਘਾਟ 1 ਪ੍ਰਤੀਸ਼ਤ ਫੈਰਸ ਸਲਫੇਟ (1 ਕਿਲੋ ਫੈਰਸ ਸਲਫੇਟ / 100 ਲਿਟਰ ਪਾਣੀ) ਦੇ ਛਿੜਕਾਅ ਕਰਨ ਨਾਲ ਹੀ ਪੂਰੀ ਕਰ ਸਕਦੇ ਹਾਂ । ਹਫਤੇ ਦੇ ਵਕਫੇ ਤੇ 2-3 ਛਿੜਕਾਅ ਕਰੋ । ਜੇਕਰ ਖੇਤਾਂ ਵਿਚ ਜ਼ਿਆਦਾ ਪਾਣੀ ਹੋਵੇ ਤਾਂ ਉਹ ਕੱਢ ਦਿਉ । ਆਗ ਦੇ ਗੜੂੰਏਂ ਦੀ ਰੋਕਥਾਮ ਲਈ 10 ਕਿਲੋ ਫਰਟੇਰਾ 0.4 ਜੀ ਆਰ ਜਾਂ 12 ਕਿਲੋ ਦਾਣੇਦਾਰ ਕਾਰਬੋਫੂਰਾਨ 3 ਜੀ ਨੂੰ ਬੂਟਿਆਂ ਦੇ ਮੁੱਢਾਂ ਕੋਲ ਪਾ ਕੇ ਹਲਕੀ ਮਿੱਟੀ ਚੜ੍ਹਾਉਣ ਤੋਂ ਬਾਅਦ ਪਾਣੀ ਲਾਓ ।

### ਬਾਗਬਾਨੀ

ਇਹ ਸਮਾਂ ਫਲਦਾਰ ਬੂਟਿਆਂ ਖਾਸ ਕਰਕੇ ਨਿੰਬੂ ਜਾਤੀ ਦੇ ਬੂਟੇ, ਅਮਰੂਦ, ਅੰਬ, ਲੀਚੀ, ਬਿੱਲ, ਆਮਲਾ, ਜਾਮਣ ਆਦਿ ਦੇ ਬੂਟਿਆਂ ਦੀ ਲਵਾਈ ਲਈ ਬਹੁਤ ਹੀ ਢੁੱਕਵਾਂ ਹੈ । ਬਾਗਾਂ ਵਿੱਚੋਂ ਅਤੇ ਇਸਦੇ ਆਲੇ-ਦੁਆਲਿਓਂ ਵੱਡੇ ਨਦੀਨ ਜਿਵੇਂ ਕਿ ਭੰਗ, ਕਾਂਗਰਸ ਘਾਹ ਨੂੰ ਪੁੱਟ ਦਿਓ ਕਿਉਂਕਿ ਬਰਸਾਤੀ ਮੌਸਮ ਵਿਚ ਇਹਨਾਂ ਨੂੰ ਜ਼ਮੀਨ ਵਿੱਚੋਂ ਪੁੱਟਣਾ ਬਹੁਤ ਸੁਖਾਲਾ ਹੁੰਦਾ ਹੈ । ਜੇਕਰ ਬਾਗਾਂ ਵਿਚ ਜਾਂ ਬੂਟਿਆਂ ਦੁਆਲੇ ਬਰਸਾਤ ਦਾ ਪਾਣੀ ਜਮ੍ਹਾਂ ਹੋ ਗਿਆ ਹੋਵੇ ਤਾਂ ਉਸਦੀ ਨਿਕਾਸੀ ਕਰ ਦਿਓ । ਕਿੰਨੂ ਦੇ ਬਾਗਾਂ ਵਿੱਚ 4.7 ਗ੍ਰਾਮ ਜ਼ਿੰਕ ਸਲਫੇਟ + 3.3 ਗ੍ਰਾਮ ਮੈਂਗਨੀਜ਼ ਸਲਫੇਟ ਦਾ ਛਿੜਕਾ ਕੀਤਾ ਜਾ ਸਕਦਾ ਹੈ । ਅਮਰੂਦਾਂ ਦੇ ਮੱਖੀ ਦੇ ਹਮਲੇ ਨਾਲ ਖਰਾਬ ਹੋਏ ਫਲਾਂ ਨੂੰ ਇਕੱਠਾ ਕਰਕੇ ਲਗਾਤਾਰ ਦਬਾਉਂਦੇ ਰਹੋ । ਨਿੰਬੂ ਜਾਤੀ ਦੇ ਬਾਗਾਂ ਨੂੰ ਗੂੰਦੀਆ ਰੋਗ (ਫਾਈਟਪਥੋਰਾ) ਤੋਂ ਬਚਾਉਣ ਲਈ ਉਪਚਾਰ ਕਰਨ ਦਾ ਢੁੱਕਵਾਂ ਸਮਾਂ ਚੱਲ ਰਿਹਾ ਹੈ । ਸਿਫਾਰਸ਼ਾਂ ਮੁਤਾਬਿਕ ਉਪਚਾਰ ਕਰੋ ।

### ਸਬਜ਼ੀਆਂ

ਭਿੰਡੀ ਦੀਆਂ ਪੰਜਾਬ ਸੁਹਾਵਨੀ, ਪੰਜਾਬ ਲਾਲੀਮਾ ਅਤੇ ਲੋਬੀਏ ਦੀ ਕਾਉਪੀਆ-263 ਕਿਸਮਾਂ ਦੀ ਬੀਜਾਈ ਦਾ ਇਹ ਸਹੀ ਸਮਾਂ ਹੈ । ਲੌਕੀ, ਸਪੰਜ, ਕਰੇਲਾ, ਸੁਆਹ, ਟਿੰਡਾ ਦੀ ਬਿਜਾਈ ਲਈ ਪ੍ਰਤੀ ਏਕੜ 2 ਕਿਲੋ ਬੀਜ ਦੀ ਵਰਤੋਂ ਕਰੋ ; ਅਤੇ ਕੱਦੂ ਅਤੇ ਵੰਗੇ ਦਾ ਬੀਜ 1 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਬੀਜਾਈ ਕਰੋ । ਗੋਭੀ ਦੀ ਅਗੇਤੀਆਂ ਕਿਸਮਾਂ ਦੇ ਬੀਜਾਂ ਦੀ ਬਿਜਾਈ ਮੁੱਖ ਖੇਤ ਵਿਚ ਕੀਤੀ ਜਾ ਸਕਦੀ ਹੈ । ਭਿੰਡੀ ਅਤੇ ਵੇਲਾਂ ਵਾਲੀਆਂ ਸਬਜ਼ੀਆਂ ਦੀ ਸਿੰਚਾਈ ਮਾਨਸੂਨ ਦੀ ਭਵਿੱਖਬਾਣੀ ਅਨੁਸਾਰ ਕਰੋ । ਬੈਂਗਣ ਅਤੇ ਫੁੱਲਗੋਭੀ ਦੀ ਮੁੱਖ ਸਮੇਂ ਲਈ ਸਿਫਾਰਸ਼ ਕੀਤੀਆਂ ਕਿਸਮਾਂ ਦੀ ਪਨੀਰੀ ਮੁੱਖ ਖੇਤ ਵਿਚ ਲਗਾਓ । ਵੇਲਾਂ ਵਾਲੀਆਂ ਸਬਜ਼ੀਆਂ ਨੂੰ ਸਪੋਰਟ ਦਿਉ ਪਰ ਇਸ ਗੱਲ ਦਾ ਧਿਆਨ ਰੱਖੋ ਕਿ ਵੇਲਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ । ਮਾਰਚ ਤੋਂ ਜੂਨ ਵਿਚ ਤਿਆਰ ਕੀਤੀਆਂ ਸਾਉਣੀ ਦੇ ਪਿਆਜ਼ ਦੀਆਂ ਗੰਢੀਆਂ (ਬਲਬਸੈੱਟ) ਨੂੰ ਅਗਸਤ ਦੇ ਦੂਜੇ ਪੰਦਰਵਾੜੇ ਖੇਤ ਵਿਚ ਲਾ ਦਿਓ ।

### ਪਸ਼ੂ ਪਾਲਣ

ਪਸ਼ੂਆਂ ਨੂੰ ਰੋਜ਼ਾਨਾ ਖੁਰਾਕ ਵਿਚ 40-50 ਗ੍ਰਾਮ ਧਾਤਾਂ ਦਾ ਚੂਰਾ (ਮਿਨਰਲ ਮਿਕਸਚਰ) ਜ਼ਰੂਰ ਦਿਓ । ਇਹ ਧਾਤਾਂ ਦਾ ਚੂਰਾ ਵੰਡ ਵਿਚ ਮਿਲਾ ਕੇ ਵੀ ਦਿੱਤਾ ਜਾ ਸਕਦਾ ਹੈ । ਮਿਨਰਲ ਮਿਕਸਚਰ ਨਾਲ ਪਸ਼ੂਆਂ ਦੀ ਰੋਗ ਪ੍ਰਤੀ ਰੋਧਕ ਸ਼ਮਤਾ ਵੱਧਦੀ ਹੈ ਅਤੇ ਦੁੱਧ ਵੀ ਜ਼ਿਆਦਾ ਪੈਦਾ ਹੁੰਦਾ ਹੈ । ਇਸ ਵਿਚ ਮੌਜੂਦ ਵੱਡੇ ਤੱਤ ਜਿਵੇਂ ਕੈਲਸ਼ੀਅਮ, ਫਾਸਫੋਰਸ ਆਦਿ ਅਤੇ ਲਘੂ ਤੱਤ ਜਿਵੇਂ ਤਾਂਬਾਂ, ਕੋਬਾਲਟ ਆਦਿ ਪਸ਼ੂ ਦੀ ਸਿਹਤ ਬਰਕਰਾਰ ਰੱਖਦੇ ਹਨ । ਬਾਰਿਸ਼ ਦੇ ਮੌਸਮ ਵਿਚ ਪਸ਼ੂਆਂ ਦੇ ਸ਼ੈੱਡ ਸੁੱਕੇ ਅਤੇ ਸਾਫ ਹੋਣੇ ਬਹੁਤ ਜ਼ਰੂਰੀ ਹਨ ਤਾਂ ਜੋ ਉਨ੍ਹਾਂ ਨੂੰ ਮੱਖੀਆਂ ਅਤੇ ਮੱਛਰਾਂ ਤੋਂ ਬਚਾਇਆ ਜਾ ਸਕੇ ।

## ਖੇਤਾਂ ਦੀਆਂ ਵੱਟਾਂ 'ਤੇ ਲਾਓ ਸਫੈਦਾ

ਪੰਜਾਬ ਦੇ ਕਿਸਾਨ ਕਣਕ ਅਤੇ ਝੋਨੇ ਹੇਠ ਰਕਬਾ ਘਟਾ ਕੇ ਹਾਈਬਰੀਡ ਸਫੈਦੇ ਦੀ ਖੇਤੀ ਕਰਨ ਵੱਲ ਆ ਰਹੇ ਹਨ । ਸਫੈਦੇ ਦੀ ਖੇਤੀ ਕਰਨ ਲਈ ਕੋਈ ਬਹੁਤ ਮਿਹਨਤ ਵੀ ਨਹੀਂ ਕਰਨੀ ਪੈਂਦੀ । ਕਮਾਈ ਆਮ ਫਸਲਾਂ ਨਾਲੋਂ ਜ਼ਿਅਦਾ ਹੈ । ਜੰਗਲਾਤ ਵਿਭਾਗ ਵੀ ਇਸ ਮਾਮਲੇ ਵਿਚ ਕਿਸਾਨਾਂ ਦੀ ਖੂਬ ਮਦਦ ਕਰ ਰਿਹਾ ਹੈ ਤਾਂ ਕਿ ਕਿਸਾਨਾਂ ਦੀ ਆਮਦਨ 'ਚ ਵਾਧਾ ਹੋਣ ਦੇ ਨਾਲ ਹੀ ਜੰਗਲਾਤ ਹੇਠ ਆਉਣ ਵਾਲੀਆਂ ਜ਼ਮੀਨਾਂ ਹੇਠਲਾ ਰਕਬਾ ਵੀ ਵਧ ਸਕੇ ।

ਮਾਹਿਰਾਂ ਦਾ ਕਹਿਣਾ ਹੈ ਕਿ ਹਾਈਬਰੀਡ ਸਫੈਦੇ ਦਾ ਬੂਟਾ 10 ਰੁਪਏ ਦਾ ਅਤੇ ਕਾਲੋਨ ਵਾਲਾ ਬੂਟਾ ਤਕਰੀਬਨ 12 ਰੁਪਏ ਦਾ ਮਿਲ ਜਾਂਦਾ ਹੈ । ਜੇਕਰ ਕਿਸਾਨ ਇਸ ਨੂੰ ਏਕੜਾਂ 'ਚ ਨਾ ਵੀ ਲਾਉਣਾ ਚਾਹੁਣ ਤਾਂ ਛੋਟੇ ਅਤੇ ਦਰਮਿਆਨੇ ਕਿਸਾਨ ਆਪਣੇ ਖੇਤ ਦੀਆਂ ਵੱਟਾਂ 'ਤੇ ਵੀ ਲਾ ਸਕਦੇ ਹਨ, ਕਿਉਂਕਿ ਹਾਈਬਰੀਡ ਸਫੈਦੇ ਦੀ ਲੰਬਾਈ ਜ਼ਿਆਦਾ ਹੋਣ ਕਾਰਨ ਫਸਲ 'ਤੇ ਕੋਈ ਮਾੜਾ ਪ੍ਰਭਾਵ ਨਹੀਂ ਪੈਂਦਾ । ਇਕ ਏਕੜ 'ਚ ਤਕਰੀਬਨ 800 ਬੂਟਾ ਸਫੈਦੇ ਦਾ ਲਗਾਇਆ ਜਾ ਸਕਦਾ ਹੈ, ਜਿਹੜਾ ਪੰਜਵੇਂ ਸਾਲ ਵਿਚ ਕਿਸਾਨਾਂ ਨੂੰ ਆਮਦਨ ਦੇ ਦਿੰਦਾ ਹੈ ।

ਹਾੜ੍ਹੀ ਦੀਆਂ ਫਸਲਾਂ ਦੌਰਾਨ ਸਫੈਦੇ 'ਚ ਕਣਕ ਦੀ ਫਸਲ ਵੀ ਬੀਜੀ ਜਾ ਸਕਦੀ ਹੈ । ਕਿਉਂਕਿ ਸਰਦੀ ਵਿਚ ਇਸ ਦੇ ਸਾਰੇ ਪੱਤੇ ਝੜ ਜਾਂਦੇ ਹਨ । ਜੰਗਲਾਤ ਵਿਭਾਗ ਵੱਲੋਂ ਸਫੈਦੇ ਦੀ ਕਾਸ਼ਤ ਕਰਨ ਲਈ ਕਿਸਾਨਾਂ ਨੂੰ ਪਹਿਲੇ ਦੋ ਸਾਲ ਪ੍ਰਤੀ ਬੂਟਾ 14 ਰੁਪਏ ਅਤੇ ਤੀਸਰੇ ਸਾਲ ਪ੍ਰਤੀ ਬੂਟਾ 7 ਰੁਪਏ ਖਰਚੇ ਦੇ ਤੌਰ 'ਤੇ ਦਿੱਤੇ ਜਾਂਦੇ ਹਨ ।

ਵਿਭਾਗ ਕੋਲੋਂ ਇਹ ਖਰਚਾ ਲੈਣ ਲਈ ਕਿਸਾਨਾਂ ਨੂੰ ਜ਼ਮੀਨ ਦੀ ਫਰਦ ਦੇਣੀ ਹੁੰਦੀ ਹੈ । ਪੰਜ ਸਾਲ ਦਾ ਬੂਟਾ ਵੇਚਣਯੋਗ ਹੋ ਜਾਂਦਾ ਹੈ । ਜਿਹੜਾ 1800 ਤੋਂ ਲੈ ਕੇ 2000 ਰੁਪਏ ਪ੍ਰਤੀ ਬੂਟੇ ਤੱਕ ਵਿਕ ਜਾਂਦਾ ਹੈ । ਬਾਕੀ ਮੰਡੀ ਦੇ ਉਤਰਾਅ-ਚੜ੍ਹਾਅ ਕਾਰਨ ਭਾਅ ਘੱਟ-ਵੱਧ ਵੀ ਹੋ ਸਕਦਾ ਹੈ । ਜੇਕਰ ਪੰਜਾਬ ਦੇ ਕਿਸਾਨ ਆਪਣੀ ਜ਼ਮੀਨ ਦਾ ਕੁਝ ਰਕਬਾ ਸਫੈਦੇ ਦੀ ਕਾਸ਼ਤ ਕਰਨ ਜਾਂ ਫਿਰ ਵੱਟਾਂ 'ਤੇ ਸਫੈਦੇ ਲਗਾਉਣ ਤਾਂ ਆਮਦਨੀ ਦਾ ਵਧੀਆ ਸਾਧਨ ਹੋ ਸਕਦਾ ਹੈ ।

ਬ੍ਰਿਸ਼ ਭਾਨ ਬੁਜਰਕ, ਮੋ. 9876101698



ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ | ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

Excellence in Agri Info
KHETI DUNIYAN
An Exclusive Agri. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com




# ਝੋਨੇ ਤੇ ਬਾਗਬਾਨੀ 'ਚ ਕਾਲੇ ਤੇਲੇ ਦੀ ਰੋਕਥਾਮ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਿਖਲਾਈ ਕੈਂਪਾਂ, ਅਖਬਾਰਾਂ, ਰਸਾਲਿਆਂ, ਬਿਜਲੀ ਮਾਧਿਅਮ ਅਤੇ ਸ਼ੋਸ਼ਲ ਮੀਡੀਆ ਰਾਹੀਂ ਪੰਜਾਬ ਦੇ ਕਿਸਾਨਾਂ ਨੂੰ ਫਸਲਾਂ ਦੀਆਂ ਸਮੱਸਿਆਵਾਂ ਦੀ ਸੰਭਾਵਨਾਵਾਂ ਪ੍ਰਤੀ ਜਾਗਰੂਕ ਕਰਨ ਅਤੇ ਕੀੜਿਆਂ ਦੀ ਸੁਚੱਜੀ ਰੋਕਥਾਮ ਲਈ ਸਮੇਂ-ਸਮੇਂ 'ਤੇ ਸੁਚੇਤ ਕੀਤਾ ਜਾਂਦਾ ਹੈ, ਜਿਸ ਦੇ ਸਾਰਥਕ ਨਤੀਜੇ ਇਸ ਵਾਰ ਹਰੇਕ ਫਸਲ ਵਿਚ ਪ੍ਰਤੱਖ ਰੂਪ ਵਿਚ ਵੇਖਣ ਨੂੰ ਮਿਲੇ ਹਨ, ਕਿਤੇ ਵੀ 'ਬੌਨੇ ਬੂਟਿਆਂ ਦੀ ਸਮੱਸਿਆ' ਤੋਂ ਇਲਾਵਾ ਕਿਸੇ


ਡਾ. ਅਮਰੀਕ ਸਿੰਘ
ਮੋ. 94630-71919


ਮੁੱਖ ਕੀੜੇ ਦਾ ਹਮਲਾ ਦੇਖਣ ਨੂੰ ਨਹੀਂ ਮਿਲਿਆ। ਮੌਸਮ ਅਨੁਕੂਲ ਰਹਿਣ ਕਾਰਨ ਝੋਨੇ ਦੀ ਫਸਲ ਵੀ ਤਕਰੀਬਨ ਕੀੜਿਆਂ ਅਤੇ ਬਿਮਾਰੀਆਂ ਨੇ ਹਮਲੇ ਤੋਂ ਰਹਿਤ ਹੀ ਹੈ। ਪਿਛਲੇ ਕੁਝ ਦਿਨਾਂ ਤੋਂ ਕੁਝ ਕਿਸਾਨ ਝੋਨੇ ਉਪਰ ਕਾਲੇ ਤੇਲੇ ਦੀ ਰੋਕਥਾਮ ਬਾਰੇ ਪੁੱਛ ਰਹੇ ਹਨ।

ਖੇਤੀਬਾੜੀ ਮਾਹਿਰਾਂ ਵੱਲੋਂ ਸੁਚੇਤ ਕਰਨ ਦੇ ਬਾਵਜੂਦ ਕੁਝ ਕਿਸਾਨ, ਸਿਫਾਰਿਸ਼ਾਂ ਅਨੁਸਾਰ ਕੀਟਨਾਸ਼ਕਾਂ ਦੀ ਵਰਤੋਂ ਕਰਨ ਦੀ ਬਿਜਾਏ ਆਂਢੀ-ਗੁਆਂਢੀਆਂ ਜਾਂ ਹੋਰ ਵਸੀਲਿਆਂ ਦੇ ਕਹਿਣ 'ਤੇ ਕਾਲੇ/ਚਿੱਟੇ ਤੇਲੇ ਦੀ ਰੋਕਥਾਮ ਲਈ ਗੈਰ ਸਿਫਾਰਸ਼ਸ਼ੁਦਾ ਕੀਟ ਨਾਸ਼ਕਾਂ ਦੀ ਵਰਤੋਂ ਕਰਕੇ ਸਮੱਸਿਆ ਨੂੰ ਘਟਾਉਣ ਦੀ ਬਜਾਏ ਵਧਾ ਲੈਂਦੇ ਹਨ। ਕੀਟ ਨਾਸ਼ਕਾਂ ਦੇ ਮਿਸ਼ਰਣ ਆਦਿ ਦੀ ਵਰਤੋਂ ਛਿੜਕਾਅ ਦਾ ਗਲਤ ਤਰੀਕਾ, ਜ਼ਿਆਦਾ ਮਾਤਰਾ, ਕੀਟ ਨਾਸ਼ਕਾਂ ਦੀ ਵਰਤੋਂ ਆਂਢੀ-ਗੁਆਂਢੀਆਂ ਦੀ ਦੇਖਾ ਦੇਖੀ, ਯੂਰੀਆ ਖਾਦ ਦੀ ਵਧੇਰੇ ਵਰਤੋਂ (ਤਿੰਨ ਤੋਂ ਢਾਈ ਤੋਂ ਚਾਰ ਬੈਗ ਯੂਰੀਆ ਪ੍ਰਤੀ ਏਕੜ), ਸਿੰਥੈਟਿਕ ਪੈਰਾਥਰਾਇਡ ਜਾਂ ਦੋ ਜਾਂ ਵਧੇਰੇ ਕੀਟਨਾਸ਼ਕਾਂ ਦਾ ਮਿਸ਼ਰਣ ਬਣਾ ਕੇ ਛਿੜਕਾਅ ਕਰਨਾ ਆਦਿ ਕੁਝ ਅਜਿਹੇ ਕਾਰਨ ਹਨ, ਜਿਸ ਨਾਲ ਸਮੱਸਿਆ ਘਟਣ ਦੀ ਬਜਾਏ ਵੱਧਦੀ ਹੈ।

ਸਿੰਥੈਟਿਕ ਪੈਰਾਥਰਾਇਡ ਦੀ ਵਰਤੋਂ ਕਰਨ ਨਾਲ ਖੇਤ ਵਿਚ ਕਾਲੇ ਤੇਲੇ ਦੇ ਵਾਧੇ ਨਹੀ ਮਾਹੌਲ ਅਨੁਕੂਲ ਬਣ ਜਾਂਦਾ ਹੈ ਜਿਸ ਨਾਲ ਤੇਲੇ ਦੀ ਜਨਸੰਖਿਆ ਵਿਚ ਬੜੀ ਤੇਜ਼ੀ ਨਾਲ ਵਾਧਾ ਹੁੰਦਾ ਹੈ। ਇਸ ਤਰ੍ਹਾਂ ਦੀ ਸਮੱਸਿਆ ਪਿਛਲੇ ਸਮੇਂ ਦੌਰਾਨ ਆਂਧਰਾ ਪ੍ਰਦੇਸ਼ ਵਿਚ ਵੀ ਆਈ ਜਿੱਥੇ ਕਾਲੇ ਤੇਲੇ ਨੇ ਝੋਨੇ ਦੀ ਫਸਲ ਦਾ ਵੱਡੀ ਪੱਧਰ 'ਤੇ ਨੁਕਸਾਨ ਕੀਤਾ ਸੀ।

ਉਪਰੋਕਤ ਕਾਰਨਾਂ ਤੋਂ ਸਪੱਸ਼ਟ ਹੈ ਕਿਸਾਨਾਂ ਵੱਲੋਂ ਕਾਲੇ ਤੇਲੇ ਦੀ ਰੋਕਥਾਮ ਲਈ ਜੋ ਵੀ ਕੀਟ ਨਾਸ਼ਕ ਅਤੇ ਤਰੀਕੇ ਗਲਤ ਵਰਤੇ ਜਾ ਰਹੇ ਹਨ, ਉਹ ਪੀ ਏ ਯੂ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀਆਂ ਸਿਫਾਰਿਸ਼ਾਂ ਦੇ ਉਲਟ ਹਨ। ਪਿਛਲੇ ਸਾਲਾਂ ਦੌਰਾਨ ਕਾਲੇ ਤੇਲੇ ਦਾ ਵਧੇਰੇ ਜ਼ੋਰ ਮਾਲਵਾ ਨਾਲ ਸੰਬੰਧਿਤ ਜ਼ਿਲ੍ਹਿਆਂ ਵਿਚ ਅਤੇ ਵਧੇਰੇ ਸਮੇਂ ਵਾਲੀਆਂ ਕਿਸਮਾਂ ਜਿਵੇਂ ਪੂਸਾ 44, ਮੁੱਛਲ, ਬਾਸਮਤੀ-1121 'ਤੇ ਵਧੇਰੇ ਰਿਹਾ ਹੈ ਜਦਕਿ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ 'ਤੇ ਕਿਸੇ ਕਿਸਮ ਦੀ ਕੋਈ ਸਮੱਸਿਆ ਨਹੀਂ ਆਈ ਕਿਉਂਕਿ ਕਾਲਾ ਤੇਲਾ ਸਤੰਬਰ ਦੇ ਅਖੀਰ ਅਤੇ ਅਕਤੂਬਰ ਦੇ ਪਹਿਲੇ ਹਫਤੇ ਦੌਰਾਨ ਹਮਲਾ ਕਰਦਾ ਹੈ ਜਿਸ ਕਾਰਨ ਲੰਬੇ ਸਮੇਂ ਵਾਲੀਆਂ ਕਿਸਮਾਂ ਦਾ ਵਧੇਰੇ ਨੁਕਸਾਨ ਹੁੰਦਾ ਹੈ, ਜਦਕਿ ਥੋੜ੍ਹੇ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਸਤੰਬਰ ਦੇ ਅਖੀਰ ਜਾਂ ਅਕਤੂਬਰ ਦੇ ਪਹਿਲੇ ਹਫਤੇ ਦੌਰਾਨ ਪੱਕ ਜਾਂਦੀਆਂ ਹਨ। ਮਾਝੇ ਵਿਚ ਕਾਲੇ ਤੇਲੇ ਦੀ ਸਮੱਸਿਆ ਗੰਭੀਰ ਨਾ ਹੋਣ ਦੇ ਕਾਰਨਾਂ ਵਿਚ ਕਿਸਾਨਾਂ ਵੱਲੋਂ ਘੱਟ ਸਮੇਂ ਵਾਲੀਆਂ ਸਿਫਾਰਿਸ਼ਸ਼ੁਦਾ ਕਿਸਮਾਂ ਦੀ ਕਾਸ਼ਤ, ਪੂਸਾ-44 ਕਿਸਮ ਹੇਠ ਨਾਂ ਮਾਤਰ ਰਕਬਾ, ਯੂਰੀਆ ਖਾਦ ਦੀ ਸਿਫਾਰਿਸ਼ਾਂ ਅਨੁਸਾਰ ਵਰਤੋਂ ਅਤੇ ਕੀਟਨਾਸ਼ਕਾਂ ਦਾ ਮਿਸ਼ਰਣ ਬਣਾ ਕੇ ਛਿੜਕਾਅ ਨਾ ਕਰਨਾ ਹੋ ਸਕਦਾ ਹੈ।

ਕਿਸਾਨਾਂ ਨੂੰ ਝੋਨੇ ਅਤੇ ਹੋਰਨਾਂ ਫਸਲਾਂ ਦੇ ਕੀੜਿਆਂ ਦੀ ਪਛਾਣ, ਕੀਤੇ ਜਾਣ ਵਾਲੇ ਨੁਕਸਾਨ ਅਤੇ ਸਹੀ ਰੋਕਥਾਮ ਬਾਰੇ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। ਦੁਕਾਨਦਾਰ ਆਮ ਕਰਕੇ ਕਿਸਾਨ ਵੀਰਾਂ ਨੂੰ ਸਿਫਾਰਸ਼ਾਂ ਦੇ ਉਲਟ ਘੱਟੋ ਘੱਟ ਦੋ ਕੀਟ ਨਾਸ਼ਕ ਦਵਾਈਆਂ ਦੇ ਦਿੰਦੇ ਹਨ ਅਤੇ ਕਈ ਵਾਰ ਦਵਾਈ ਦੀ ਸਿਫਾਰਸ਼ਾਂ ਦੇ ਉਲਟ ਮਾਤਰਾ ਵੀ ਵਧਾ ਕੇ ਦਿੰਦੇ ਹਨ ਤਾਂ ਜੋ ਉਨ੍ਹਾਂ ਦੀ ਵਿਕਰੀ ਵੱਧ ਹੋਣ ਕਾਰਨ ਫਾਇਦਾ ਜ਼ਿਆਦਾ ਹੋ ਸਕੇ ਪਰ ਇਸ ਨਾਲ ਜਿੱਥੇ ਕਿਸਾਨ ਦਾ ਆਰਥਿਕ ਸ਼ੋਸ਼ਣ ਹੁੰਦਾ ਹੈ, ਉੱਥੇ ਫਸਲ ਉੱਪਰ ਕੀੜਿਆਂ ਦੀ ਰੋਕਥਾਮ ਵੀ ਨਹੀਂ ਹੁੰਦੀ। ਕਾਲੇ ਤੇਲੇ ਦੀ ਰੋਕਥਾਮ ਲਈ ਇਕੱਲੇ ਕੀਟਨਾਸ਼ਕਾਂ 'ਤੇ ਨਿਰਭਰ ਰਹਿਣ ਦੀ ਬਜਾਏ ਸਰਬਪੱਖੀ ਕੀਟ ਪ੍ਰਬੰਧ ਵਿਧੀ ਵਰਤਣ ਦੀ ਜ਼ਰੂਰਤ ਹੁੰਦੀ ਹੈ ਤਾਂ ਜੋ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਦੇ ਨਾਲ-ਨਾਲ ਖੇਤੀ ਲਾਗਤ ਖਰਚੇ ਵੀ ਘਟਾਏ ਜਾ ਸਕਣ। ਸੋ ਕਿਸਾਨ ਵੀਰਾਂ ਨੂੰ ਚਾਹੀਦਾ ਹੈ ਕਿ ਜਦ ਵੀ ਕਿਸੇ ਫਸਲ ਉੱਪਰ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਪਹਿਲਾਂ ਖੇਤੀ ਮਾਹਿਰਾਂ ਨਾਲ ਸੰਪਰਕ ਕਰਕੇ ਸਿਫਾਰਿਸ਼ ਕੀਤੀਆਂ ਕੀਟ ਨਾਸ਼ਕ ਰਸਾਇਣਾਂ ਦਾ ਹੀ ਛਿੜਕਾਅ ਕਰਨ ਤਾਂ ਜੋ ਕੀੜਿਆਂ ਦੀ ਸੁਚੱਜੀ ਰੋਕਥਾਮ ਕੀਤੀ ਜਾ ਸਕੇ। ਪੀ ਏ ਯੂ ਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਕੀਤੀਆਂ ਸਿਫਾਰਿਸ਼ਾਂ ਅਨੁਸਾਰ ਕਾਲੇ ਤੇਲੇ ਦੀ ਸਹੀ ਰੋਕਥਾਮ ਲਈ ਜਿੱਥੇ ਸਿਫਾਰਿਸ਼ਸ਼ੁਦਾ ਕੀਟ ਨਾਸ਼ਕ ਦਾ ਛਿੜਕਾਅ ਕਰਨ ਦਾ ਸਮਾਂ ਅਤੇ ਸਹੀ ਤਰੀਕਾ ਬਹੁਤ ਜ਼ਰੂਰੀ ਹੈ ਅਤੇ ਕੁਝ ਸਾਵਧਾਨੀਆਂ ਵਰਤਣੀਆਂ ਵੀ ਬਹੁਤ ਜ਼ਰੂਰੀ ਹਨ। ਕਾਲੇ ਤੇਲੇ ਦੀ ਸਰਬਪੱਖੀ ਰੋਕਥਾਮ ਲਈ ਘੱਟ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਦੀ ਕਾਸ਼ਤ ਕਰਨੀ, ਯੂਰੀਆ ਖਾਦਾਂ ਦੀ ਵਰਤੋਂ ਸਿਫਾਰਿਸ਼ ਅਨੁਸਾਰ ਕਰਨੀ ਕਿਉਂਕਿ ਵਧੇਰੇ ਯੂਰੀਆ ਵਰਤਣ ਨਾਲ ਬੂਟੇ ਦਾ ਪ੍ਰਤਾਲ ਵਧੇਰੇ ਵਧਦਾ ਹੈ ਜੋ ਕਾਲੇ ਤੇਲੇ ਲਈ ਆਕਰਸ਼ਣ ਦਾ ਕਾਰਨ ਬਣਦਾ ਹੈ ਆਦਿ ਕੁਝ ਅਜਿਹੇ ਕਾਰਜ ਹਨ ਜਿਸ ਨਾਲ ਕਾਲੇ ਤੇਲੇ ਦੀ ਸਮੱਸਿਆ ਨੂੰ ਘਟਾਇਆ ਜਾ ਸਕਦਾ ਹੈ।

ਛੋਟੇ ਅਤੇ ਜਵਾਨ ਕੀੜੇ ਜੁਲਾਈ ਤੋਂ ਅਕਤੂਬਰ ਵਿਚ ਬੂਟਿਆਂ ਦੇ ਹੇਠਲੇ ਪਾਸੇ ਤੋਂ ਰਸ ਝੁੰਡਾਂ ਵਿਚ ਚੂਸਦੇ ਹਨ ਜਿਸ ਨਾਲ ਫਸਲ ਧੋੜੀਆਂ ਵਿਚ ਸੁੱਕਣੀ ਸ਼ੁਰੂ ਹੋ ਜਾਂਦੀ ਹੈ। ਆਮ ਕਿਸਾਨ ਇਸ ਨੂੰ ਝੁਲਸ ਰੋਗ ਸਮਝ ਕੇ ਉੱਲੀ ਨਾਸ਼ਕ ਦਵਾਈਆਂ ਜਾਂ ਦਾਣੇਦਾਰ ਕੀਟ ਨਾਸ਼ਕ ਰਸਾਇਣਾਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੰਦੇ ਹਨ। ਸਾਲ 2013-14 ਦੌਰਾਨ ਝੋਨੇ ਅਤੇ ਬਾਸਮਤੀ ਦੀ ਫਸਲ ਦਾ ਇਸ ਕੀੜੇ ਨੂੰ ਬਹੁਤ ਨੁਕਸਾਨ ਕੀਤਾ ਸੀ। ਸਿੰਥੈਟਿਕ ਪੈਰਾਥਰਾਇਡ ਜ਼ਹਿਰਾਂ ਦੀ ਵਰਤੋਂ ਨਾਲ ਚਿੱਟੀ ਪਿੱਠ ਵਾਲੇ ਅਤੇ ਭੂਰੇ ਟਿੱਡਿਆਂ ਦੀ ਗਿਣਤੀ ਵੱਧ ਜਾਂਦੀ ਹੈ। ਇਸ ਲਈ ਫਸਲ ਉੱਪਰ ਇਨ੍ਹਾਂ ਜ਼ਹਿਰਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

## ਬੂਟਿਆਂ ਦਾ ਨਿਰੀਖਣ ਕਰੋ

ਪਨੀਰੀ ਪੁੱਟ ਕੇ ਖੇਤ ਵਿਚ ਲਾਉਣ ਤੋਂ ਇਕ ਮਹੀਨਾ ਬਾਅਦ ਬੂਟਿਆਂ ਨੂੰ ਟੇਡੇ ਕਰਕੇ ਨਿਰੰਤਰ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ। ਜੇਕਰ ਮੁੱਢਾਂ ਵਾਲੇ ਪਾਸੇ ਪ੍ਰਤੀ ਪੌਦਾ 5 ਜਾਂ ਵੱਧ ਟਿੱਡੇ ਮੌਜੂਦ ਹੋਣ ਤਾਂ 94 ਮਿ.ਲਿ. ਟਰਾਈਫਲੂਮੀਜ਼ੋਪਾਇਰਮ 10 ਐਸ ਸੀ ਜਾਂ 400 ਮਿ.ਲਿ. ਬੈਂਜਪਾਇਰੀਮਿਕਸਾਨ 10 ਐਸ ਸੀ ਜਾਂ 120 ਗ੍ਰਾਮ ਪਾਈਮੈਟਰੋਜਿਨ 50 ਡਬਲਿਯੂ ਜੀ ਜਾਂ 300 ਮਿਲੀ ਲਿਟਰ ਫਲੂਪਾਇਰੀਮਿਨ 10 ਐਸ ਸੀ ਜਾਂ 800 ਮਿਲੀਲਿਟਰ ਕੁਈਨਲਫਾਸ 25 ਈ ਸੀ ਜਾਂ 80 ਮਿ.ਲਿ. ਅਜ਼ੈਡੀਰੈਕਟਿਨ 5% ਜਾਂ 4 ਲਿਟਰ ਨਿੰਮ ਦਾ ਘੋਲ ਪ੍ਰਤੀ ਏਕੜ ਨੂੰ 100 ਲਿਟਰ ਪਾਣੀ ਦੇ ਘੋਲ ਵਿਚ ਛਿੜਕਾਅ ਕਰੋ। ਜੇਕਰ ਜ਼ਰੂਰਤ ਪਵੇ ਤਾਂ ਦੁਬਾਰਾ ਛਿੜਕਾਅ ਕਰੋ। ਚੰਗੇ ਨਤੀਜਿਆਂ ਲਈ ਫਸਲ ਦੇ ਮੁੱਢਾਂ ਵਾਲੇ ਪਾਸੇ ਦਵਾਈ ਦਾ ਛਿੜਕਾਅ ਕਰਨਾ ਚਾਹੀਦਾ ਹੈ। ਟਿੱਡੇ ਦੇ ਹਮਲੇ ਵਾਲੀਆਂ ਧੋੜੀਆਂ ਉੱਪਰ ਅਤੇ ਧੋੜੀ ਦੇ 3-4 ਮੀਟਰ ਆਲੇ-ਦੁਆਲੇ ਦੀ ਵਰਤੋਂ ਕਰੋ ਕਿਉਂਕਿ ਟਿੱਡਿਆਂ ਦੀ ਵਧੇਰੇ ਗਿਣਤੀ ਮੁੱਢਾਂ ਵਾਲੇ ਪਾਸੇ ਹੀ ਹੁੰਦੀ ਹੈ।